ਕੈਨੇਡਾ ਦੀਆਂ ਸਿੱਖ ਸੰਸਥਾਵਾਂ ਅੰਦਰ ਖਾਲਿਸਤਾਨੀ ਕੱਟੜਵਾਦ ਦਾ ਫੈਲਦਾ ਖ਼ਤਰਨਾਕ ਜਾਲ

ਪ੍ਰੋ: ਸਰਚਾਂਦ ਸਿੰਘ ਖਿਆਲਾ, 9781355522

ਕੈਨੇਡਾ ਦੇ ਓਨਟਾਰੀਓ ਵਿੱਚ ਸਿੱਖ ਡਾਇਸਪੋਰਾ ਦੇ ਅੰਦਰ ਉੱਭਰਿਆ ਹਾਲੀਆ ਟਕਰਾਅ ਕੋਈ ਆਮ ਕਮਿਊਨਿਟੀ ਵਿਵਾਦ ਨਹੀਂ। ਇਹ ਉਸ ਡੂੰਘੀ ਬਿਮਾਰੀ ਦਾ ਖੁੱਲ੍ਹਾ ਪ੍ਰਗਟਾਵਾ ਹੈ, ਜਿਸ ਨੂੰ ਸਾਲਾਂ ਤੋਂ ਸਿੱਖ ਭਾਈਚਾਰੇ ਦੇ ਨਾਮ 'ਤੇ ਆਪਣੇ ਹੀ ਲੋਕਾਂ ਅੰਦਰ ਵਿਚਾਰਧਾਰਕ ਦਬਦਬਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਹੋਈ ਹੈ। ਜਿਨ੍ਹਾਂ ਲੋਕਾਂ ਨੇ ਸਿੱਖ ਪਹਿਚਾਣ, ਅਧਿਕਾਰਾਂ ਅਤੇ ਨਿਆਂ ਦੀ ਭਾਸ਼ਾ ਨੂੰ ਆਪਣਾ ਲਿਬਾਸ ਬਣਾਇਆ ਹੋਇਆ ਹੈ, ਅੱਜ ਉਨ੍ਹਾਂ ਦੇ ਚਿਹਰੇ ਤੋਂ ਹੁਣ ਪਰਦਾ ਹਟਦਾ ਦਿਖਾਈ ਦੇ ਰਿਹਾ ਹੈ। ਦਾਅਵਾ ਸੇਵਾ ਦਾ ਹੈ, ਪਰ ਚਾਲ ਕਬਜ਼ੇ ਦੀ ਹੈ; ਨਾਅਰਾ ਹੱਕਾਂ ਦਾ ਹੈ, ਪਰ ਮਨੋਰਥ ਡਰ, ਦਬਾਅ ਅਤੇ ਚੁੱਪ ਕਰਾਉਣ ਦਾ ਹੈ।

ਇਸ ਟਕਰਾਅ ਵਿੱਚ ਕੁਝ ਪ੍ਰਭਾਵਸ਼ਾਲੀ ਧਿਰਾਂ—ਜਿਨ੍ਹਾਂ ਨੂੰ ਗਿਰੋਹ ਕਹਿਣਾ ਵਧੇਰੇ ਢੁਕਵਾਂ ਹੋਵੇਗਾ—ਇੱਕ-ਦੂਜੇ ਵਿਰੁੱਧ ਦੋਸ਼ ਲਗਾ ਰਹੀਆਂ ਹਨ। ਧਮਕੀਆਂ, ਧਾਰਮਿਕ ਮੰਚਾਂ ਦਾ ਸਿਆਸੀ ਦੁਰਉਪਯੋਗ, ਅਸਹਿਮਤੀ ਨੂੰ ਕੁਚਲਣ ਦੇ ਯਤਨ ਅਤੇ ਗੁਰਦੁਆਰਿਆਂ ਵਿੱਚ ਸਵਾਲ ਪੁੱਛਣ ਵਾਲਿਆਂ ਨੂੰ ਚੁੱਪ ਕਰਾਉਣ ਦੀਆਂ ਕੋਸ਼ਿਸ਼ਾਂ—ਇਹ ਸਭ ਕੁਝ ਸਾਬਤ ਕਰਦਾ ਹੈ ਕਿ ਖਾਲਿਸਤਾਨੀ ਕੱਟੜਵਾਦ ਹੁਣ ਸਿਰਫ਼ ਬਾਹਰੀ ਸਿਆਸੀ ਬਿਆਨਬਾਜ਼ੀ ਤੱਕ ਸੀਮਿਤ ਨਹੀਂ ਰਿਹਾ। ਇਹ ਆਪਣੇ ਹੀ ਭਾਈਚਾਰੇ ਦੇ ਅੰਦਰ ਡਰ ਦਾ ਮਾਹੌਲ ਬਣਾ ਕੇ ਸੰਸਥਾਵਾਂ 'ਤੇ ਕਬਜ਼ਾ ਕਰਨ ਦੀ ਰਣਨੀਤੀ ਵਿੱਚ ਬਦਲ ਚੁੱਕਿਆ ਹੈ। ਇਹ ਸਾਰਾ ਮਾਮਲਾ ਸਿਰਫ਼ ਵਿਅਕਤੀਗਤ ਰੜਕ ਜਾਂ ਸਥਾਨਕ ਝਗੜਾ ਨਹੀਂ, ਸਗੋਂ ਇਕ ਵੱਡੀ ਬਿਮਾਰੀ ਦਾ ਲੱਛਣ ਹੈ।

ਇਹ ਸਮਝਣ ਦੀ ਲੋੜ ਹੈ ਕਿ ਸਿੱਖ ਪਹਿਚਾਣ ਅਤੇ ਖਾਲਿਸਤਾਨੀ ਕੱਟੜਵਾਦ ਦੋ ਵੱਖਰੀਆਂ ਚੀਜ਼ਾਂ ਹਨ। ਖਾਲਿਸਤਾਨੀ ਕੱਟੜਵਾਦ ਦੀ ਆਲੋਚਨਾ ਨੂੰ ਅਕਸਰ ਵੱਖਵਾਦੀ ਸਮਰਥਕ ਤੱਤਾਂ ਦੁਆਰਾ ਸਿੱਖਾਂ ਦੀ ਆਲੋਚਨਾ ਵਜੋਂ ਪੇਸ਼ ਕੀਤਾ ਜਾਂਦਾ ਹੈ, ਪਰ ਖਾਲਿਸਤਾਨੀ ਹਿੰਸਕ ਸੋਚ ਦੀ ਆਲੋਚਨਾ ਕਰਨਾ ਸਿੱਖਾਂ ਦੀ ਆਲੋਚਨਾ ਬਿਲਕੁਲ ਨਹੀਂ ਹੈ। ਦੁਨੀਆ ਭਰ ਦਾ ਸਿੱਖ ਸਮਾਜ ਇਸ ਹਿੰਸਕ ਏਜੰਡੇ ਨਾਲ ਨਾ ਤਾਂ ਸਹਿਮਤ ਹੈ ਅਤੇ ਨਾ ਹੀ ਇਸ ਨਾਲ ਉਸ ਦਾ ਕੋਈ ਸਾਂਝਾ ਸਰੋਕਾਰ ਹੈ। ਸਿੱਖ ਕਿਸਾਨ ਹਨ, ਸਿਪਾਹੀ ਹਨ, ਉਦਯੋਗਪਤੀ ਹਨ, ਵਿਦਵਾਨ ਹਨ ਅਤੇ ਸਮਾਜ ਨਿਰਮਾਤਾ ਹਨ। ਪਰ ਕੁਝ ਗਿਰੋਹ ਸਿੱਖ ਪਹਿਚਾਣ, ਸਿੱਖ ਜਜ਼ਬਾਤਾਂ ਅਤੇ '84 ਦੇ ਇਤਿਹਾਸਕ ਪੀੜਾ ਨੂੰ ਆਪਣੇ ਰਾਜਨੀਤਿਕ ਫਾਇਦੇ ਲਈ ਵਰਤਦੇ ਹਨ। ਉਹ ਧਰਮ ਅਤੇ ਜਜ਼ਬਾਤ ਨੂੰ ਹਥਿਆਰ ਬਣਾਉਂਦੇ ਹਨ, ਗੁਰਦੁਆਰਿਆਂ ਨੂੰ ਮੰਚ ਬਣਾਉਂਦੇ ਹਨ ਅਤੇ ਭਾਈਚਾਰੇ ਨੂੰ ਆਪਣੀ ਵਿਚਾਰਧਾਰਕ ਜ਼ਬਰਦਸਤੀ ਹੇਠ ਲਿਆਉਣ ਦੀ ਕੋਸ਼ਿਸ਼ ਕਰਦੇ ਹਨ। ਖਾਲਿਸਤਾਨੀ ਸੋਚ ਨਾਲ ਜੁੜੇ ਇਹ ਤੱਤ ਧਾਰਮਿਕ ਸੰਸਥਾਵਾਂ ਦੀ ਆੜ ਲੈ ਕੇ ਆਪਣੇ ਆਪ ਨੂੰ ਜਾਇਜ਼ ਸਾਬਤ ਕਰਨ ਦੀ ਕੋਸ਼ਿਸ਼ ਤਾਂ ਕਰ ਰਹੇ ਹਨ, ਪਰ ਸਿੱਖ ਭਾਈਚਾਰੇ ਅੰਦਰ ਜਵਾਬਦੇਹੀ ਤੋਂ ਬਚਣਾ ਵੀ ਚਾਹੁੰਦੇ ਹਨ।

ਨਜ਼ਰ ਆ ਰਿਹਾ ਇਹ ਖ਼ਤਰਾ ਕੋਈ ਕਲਪਨਾ ਨਹੀਂ। ਪੰਜਾਬ ਦਾ ਖ਼ੂਨੀ ਇਤਿਹਾਸ ਇਸ ਦੀ ਸਭ ਤੋਂ ਵੱਡੀ ਗਵਾਹੀ ਹੈ। ਸਾਊਥ ਏਸ਼ੀਆ ਟੈਰੋਰਿਜ਼ਮ ਪੋਰਟਲ (SATP) ਦੇ ਅਨੁਸਾਰ 1981 ਤੋਂ 2000 ਤੱਕ ਪੰਜਾਬ ਵਿੱਚ ਅੱਤਵਾਦ ਨਾਲ ਜੁੜੀਆਂ 21,630 ਮੌਤਾਂ ਦਰਜ ਹੋਈਆਂ। 11,782 ਆਮ ਲੋਕ ਅਤੇ 1,753 ਸੁਰੱਖਿਆ ਕਰਮਚਾਰੀ ਇਸ ਹਿੰਸਾ ਦਾ ਸ਼ਿਕਾਰ ਬਣੇ। ਸਭ ਤੋਂ ਮਾੜਾ ਦੌਰ 1990 ਦੇ ਦਹਾਕੇ ਦੇ ਸ਼ੁਰੂ ਵਿੱਚ ਆਇਆ, ਜਦੋਂ ਸਾਲਾਨਾ ਮੌਤਾਂ ਦਾ ਅੰਕੜਾ 4,000 ਤੋਂ ਪਾਰ ਹੋ ਗਿਆ, 1991 ਵਿੱਚ 5,265 ਦੇ ਸਿਖਰ 'ਤੇ ਪਹੁੰਚਿਆ ਅਤੇ 1992 ਵਿੱਚ 3,883 ਰਿਹਾ। ਇਹ ਅੰਕੜੇ ਸਿਰਫ਼ ਇੱਕ ਬਗ਼ਾਵਤ ਦੇ ਉਭਾਰ ਅਤੇ ਪਤਨ ਦੀ ਕਹਾਣੀ ਨਹੀਂ ਦੱਸਦੇ, ਸਗੋਂ ਇਹ ਵੀ ਸਾਬਤ ਕਰਦੇ ਹਨ ਕਿ ਇਸ ਹਿੰਸਾ ਦਾ ਸਭ ਤੋਂ ਵੱਡਾ ਨੁਕਸਾਨ ਪੰਜਾਬੀਆਂ ਨੇ ਆਪ ਝੱਲਿਆ। ਇਹ ਉਹ ਦੌਰ ਸੀ, ਜਦੋਂ ਆਮ ਪੰਜਾਬੀਆਂ ਨੇ ਕਤਲਾਂ, ਜ਼ਬਰਦਸਤੀ ਵਸੂਲੀ, ਬੰਬ ਧਮਾਕਿਆਂ, ਡਰਾਉਣ-ਧਮਕਾਉਣ ਅਤੇ ਨਾਗਰਿਕ ਜੀਵਨ ਦੀ ਤਬਾਹੀ ਰਾਹੀਂ ਕਾਂਗਰਸ ਬਨਾਮ ਕੱਟੜਪੰਥੀ ਰਾਜਨੀਤੀ ਦੀ ਕੀਮਤ ਅਦਾ ਕੀਤੀ। ਇਸ ਲਈ ਵੱਖਵਾਦੀ ਬਿਆਨਬਾਜ਼ੀ ਨੂੰ ਸਾਫ਼-ਸੁਥਰਾ ਦਿਖਾਉਣ ਦੀ ਕਿਸੇ ਵੀ ਕੋਸ਼ਿਸ਼ ਤੋਂ ਪਹਿਲਾਂ ਇਹ ਤੱਥ ਮੰਨਣਾ ਪਵੇਗਾ ਕਿ ਉਸ ਦੌਰ ਵਿੱਚ ਸਭ ਤੋਂ ਵੱਡੇ ਸ਼ਿਕਾਰ—ਚਾਹੇ ਹਿੰਦੂ ਹੋਣ ਜਾਂ ਸਿੱਖ—ਅਸਲ ਵਿੱਚ ਪੰਜਾਬੀ ਹੀ ਸਨ। ਇਸ ਲਈ ਅੱਜ ਜੋ ਲੋਕ ਇਸ ਨੂੰ "ਭਾਵਨਾਤਮਕ ਰਾਜਨੀਤੀ" ਜਾਂ "ਸਵੈ-ਨਿਰਧਾਰਨ" ਦਾ ਨਾਅਰਾ ਬਣਾ ਕੇ ਪੇਸ਼ ਕਰਦੇ ਹਨ, ਉਹ ਅਸਲ ਵਿੱਚ ਇਤਿਹਾਸਕ ਸਚਾਈ ਤੋਂ ਮੂੰਹ ਫੇਰਨ ਦੀ ਗੁਸਤਾਖ਼ੀ ਕਰ ਰਹੇ ਹਨ।

ਅੰਤਰਰਾਸ਼ਟਰੀ ਪੱਧਰ 'ਤੇ ਅਤੇ ਖ਼ਾਸ ਕਰਕੇ ਕੈਨੇਡਾ ਵਿੱਚ ਵੀ, ਇਸ ਦਾ ਭਿਆਨਕ ਰਿਕਾਰਡ ਮੌਜੂਦ ਹੈ। 23 ਜੂਨ 1985 ਨੂੰ ਏਅਰ ਇੰਡੀਆ ਦੀ ਕਨਿਸ਼ਕ ਫਲਾਈਟ 182 ਨੂੰ ਉਡਾਉਣ ਦੀ ਖ਼ੂਨੀ ਸਾਜ਼ਿਸ਼, ਜਿਸ ਵਿੱਚ 268 ਕੈਨੇਡੀਅਨ ਨਾਗਰਿਕਾਂ ਸਮੇਤ 329 ਬੇਗੁਨਾਹ ਲੋਕ ਮਾਰੇ ਗਏ, ਕੈਨੇਡੀਅਨ ਧਰਤੀ 'ਤੇ ਹੀ ਰਚੀ ਗਈ ਅਤੇ ਅੰਜਾਮ ਤੱਕ ਪਹੁੰਚਾਈ ਗਈ। ਇਹ ਕੈਨੇਡਾ ਦੇ ਇਤਿਹਾਸ ਦਾ ਸਭ ਤੋਂ ਵੱਡਾ ਆਤੰਕਵਾਦੀ ਹਮਲਾ ਸੀ। ਇਹ ਤੱਥ ਸਪੱਸ਼ਟ ਕਰਦਾ ਹੈ ਕਿ ਇਹ ਮਸਲਾ ਸਿਰਫ਼ ਨਾਅਰਿਆਂ, ਪੋਸਟਰਾਂ ਜਾਂ ਪ੍ਰਤੀਕਾਂ ਤੱਕ ਸੀਮਿਤ ਨਹੀਂ, ਸਗੋਂ ਨੰਗੀ ਹਿੰਸਾ ਵਿੱਚ ਬਦਲ ਸਕਦਾ ਹੈ। ਕੈਨੇਡਾ ਵਿੱਚ ਇਹ ਬਹਿਸ ਤਾਂ ਕਾਫ਼ੀ ਪਹਿਲਾਂ ਹੀ ਖ਼ਤਮ ਹੋ ਜਾਣੀ ਚਾਹੀਦੀ ਸੀ ਕਿ ਖਾਲਿਸਤਾਨੀ ਕੱਟੜਵਾਦ ਸਿਰਫ਼ ਇੱਕ ਪ੍ਰਤੀਕਾਤਮਕ ਪ੍ਰਦਰਸ਼ਨ ਹੈ; ਸੱਚ ਇਹ ਹੈ ਕਿ ਇਸ ਨੇ ਪਹਿਲਾਂ ਪੱਧਰ 'ਤੇ ਖ਼ੂਨ-ਖ਼ਰਾਬੇ ਨੂੰ ਜਨਮ ਦਿੱਤਾ ਹੈ। ਪਰ ਹੁਣ ਕੈਨੇਡਾ ਨੂੰ ਵੀ ਇਸ ਦੀ ਸਮਝ ਲੱਗ ਰਹੀ ਹੈ। ਮਾਰਚ 2026 ਵਿੱਚ ਕੈਨੇਡੀਅਨ ਸੰਸਦ ਨੇ Combating Hate Act, ਅਰਥਾਤ ਬਿਲ 3-9, ਪਾਸ ਕੀਤਾ, ਜਿਸ ਦੇ ਅਧੀਨ ਖਾਲਿਸਤਾਨੀ ਦਹਿਸ਼ਤਗਰਦ ਸੰਸਥਾਵਾਂ ਨਾਲ ਜੁੜੇ ਝੰਡਿਆਂ ਜਾਂ ਨਿਸ਼ਾਨਾਂ ਦਾ ਪ੍ਰਚਾਰ—ਜੇਕਰ ਉਹ ਨਫ਼ਰਤ ਫੈਲਾਉਣ ਲਈ ਵਰਤੇ ਜਾਣ—ਅਪਰਾਧ ਘੋਸ਼ਿਤ ਕੀਤਾ ਗਿਆ। ਇਸੇ ਤਰ੍ਹਾਂ 2025 ਅਤੇ 2026 ਦੀ ਸ਼ੁਰੂਆਤ ਵਿੱਚ ਕੈਨੇਡਾ ਦੀ ਸਰਕਾਰ ਅਤੇ ਸੁਰੱਖਿਆ ਏਜੰਸੀ ਕੈਨੇਡੀਅਨ ਸਿਕਿਊਰਿਟੀ ਇੰਟੈਲੀਜੈਂਸ ਸਰਵਿਸ (CSIS) ਨੇ ਆਪਣੀਆਂ ਰਿਪੋਰਟਾਂ ਵਿੱਚ ਅਧਿਕਾਰਕ ਤੌਰ 'ਤੇ ਮੰਨਿਆ ਕਿ ਕੈਨੇਡਾ ਵਿੱਚ ਖਾਲਿਸਤਾਨੀ ਗਿਰੋਹ ਮੌਜੂਦ ਹਨ, ਜੋ ਭਾਰਤ ਵਿੱਚ ਹਿੰਸਾ ਨੂੰ ਉਤਸ਼ਾਹਿਤ ਕਰਨ, ਫੰਡਿੰਗ ਕਰਨ ਅਤੇ ਯੋਜਨਾਬੰਦੀ ਲਈ ਕੈਨੇਡਾ ਦੀ ਧਰਤੀ ਦੀ ਨਾ ਕੇਵਲ ਵਰਤੋਂ ਕਰ ਰਹੇ ਹਨ, ਸਗੋਂ "ਰਾਜਨੀਤਿਕ ਤੌਰ 'ਤੇ ਪ੍ਰੇਰਿਤ ਹਿੰਸਕ ਅਤਿਵਾਦ"(PMVE) ਵਿੱਚ ਵੀ ਸ਼ਾਮਲ ਹਨ ਅਤੇ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਬਣੇ ਹੋਏ ਹਨ। ਹਾਲੀਆ ਰਿਪੋਰਟਾਂ ਅਤੇ ਜਾਂਚਾਂ ਨੇ ਇਹ ਵੀ ਦਰਸਾਇਆ ਹੈ ਕਿ ਇਹ ਹਿੰਸਕ ਅਤੇ ਵੱਖਵਾਦੀ ਤੱਤ ਕੈਨੇਡੀਅਨ ਸੰਸਥਾਵਾਂ ਨਾਲ ਜੁੜ ਕੇ ਕੰਮ ਕਰ ਰਹੇ ਹਨ। ਜੋ ਗੈਰ-ਮੁਨਾਫ਼ਾ ਸੰਸਥਾਵਾਂ ਅਤੇ ਚੈਰਿਟੀ ਢਾਂਚਿਆਂ ਦਾ ਦੁਰਉਪਯੋਗ ਕਰਕੇ ਆਪਣੇ ਏਜੰਡੇ ਲਈ ਪੈਸਾ ਇਕੱਠਾ ਕਰਦੇ ਹਨ। ਕੈਨੇਡਾ ਦੇ ਡਿਪਾਰਟਮੈਂਟ ਆਫ਼ ਫਾਈਨੈਂਸ ਦੀ ਰਿਪੋਰਟ 2025 Assessment of Money Laundering and Terrorist Financing Risks in Canada ਵਿੱਚ ਸਪੱਸ਼ਟ ਤੌਰ 'ਤੇ ਬੱਬਰ ਖ਼ਾਲਸਾ ਇੰਟਰਨੈਸ਼ਨਲ (BKI) ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ (ISYF) ਨੂੰ ਅਜਿਹੀਆਂ ਦਹਿਸ਼ਤਗਰਦ ਸੰਸਥਾਵਾਂ ਵਜੋਂ ਦਰਸਾਇਆ ਗਿਆ ਹੈ, ਜਿਨ੍ਹਾਂ ਨੂੰ ਕੈਨੇਡਾ ਦੇ ਅੰਦਰੋਂ ਹੀ ਵਿੱਤੀ ਸਹਾਇਤਾ ਮਿਲ ਰਹੀ ਹੈ। ਇਨ੍ਹਾਂ ਇਕਾਈਆਂ ਨੂੰ ਫੰਡਿੰਗ ਨਾਲ ਜੋੜਿਆ ਜਾਣਾ ਇਹ ਦਰਸਾਉਂਦਾ ਹੈ ਕਿ ਮਸਲਾ ਸਿਰਫ਼ ਭਾਸ਼ਣਾਂ ਜਾਂ ਨਾਅਰਿਆਂ ਦਾ ਨਹੀਂ, ਸਗੋਂ ਸੰਗਠਿਤ ਤੌਰ 'ਤੇ ਚੱਲਦੇ ਢਾਂਚਿਆਂ ਦਾ ਹੈ।

ਕੈਨੇਡਾ ਦੇ ਕੁਝ ਗੁਰਦੁਆਰਿਆਂ ਵਿੱਚ ਖਾਲਿਸਤਾਨੀ ਪ੍ਰਚਾਰ ਅਤੇ ਨੌਜਵਾਨਾਂ ਨੂੰ ਕੱਟੜਵਾਦ ਵੱਲ ਧੱਕਣ ਦੇ ਦੋਸ਼ ਸਾਹਮਣੇ ਆਏ ਹਨ, ਹਾਲਾਂਕਿ ਇਹ ਵੀ ਉਤਨਾ ਹੀ ਸੱਚ ਹੈ ਕਿ ਕੈਨੇਡਾ ਦੇ ਬਹੁਤ ਵੱਡੇ ਹਿੱਸੇ ਦੇ ਸਿੱਖ ਇਸ ਵਿਚਾਰਧਾਰਾ ਦਾ ਸਮਰਥਨ ਨਹੀਂ ਕਰਦੇ। ਗੁਰਦੁਆਰਿਆਂ ਵਿੱਚ, ਜਿੱਥੇ ਸੰਗਤ ਨੂੰ ਜੋੜਨ ਦੀ ਭੂਮਿਕਾ ਹੋਣੀ ਚਾਹੀਦੀ ਸੀ, ਉੱਥੇ ਡਰ ਅਤੇ ਧੜੇਬੰਦੀ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਜਿੱਥੇ ਗੁਰੂ ਘਰ ਵਿੱਚ ਨਿਮਰਤਾ, ਸੇਵਾ ਅਤੇ ਸਾਂਝ ਦਾ ਸੰਦੇਸ਼ ਹੋਣਾ ਚਾਹੀਦਾ ਸੀ, ਉੱਥੇ ਵਿਚਾਰਧਾਰਕ ਗਿਰੋਹਬੰਦੀ ਆਪਣਾ ਡੇਰਾ ਲਗਾ ਬੈਠੀ ਹੈ। ਇਹ ਸਿਰਫ਼ ਧਾਰਮਿਕ ਸੰਸਥਾਵਾਂ ਨਾਲ ਹੀ ਨਹੀਂ, ਸਗੋਂ ਸੰਗਤ ਦੇ ਵਿਸ਼ਵਾਸ ਨਾਲ ਵੀ ਧੋਖਾ ਹੈ। ਖਾਲਿਸਤਾਨੀ ਸਮਰਥਕ ਗਿਰੋਹ ਇੱਕ ਪਾਸੇ ਕੈਨੇਡਾ ਦੀ ਰਾਜਨੀਤੀ ਵਿੱਚ ਜਿਵੇਂ ਪ੍ਰਭਾਵ ਬਣਾਈ ਹੋਏ ਹਨ। ਆਲੋਚਕ ਇਸ ਨੂੰ "ਲਾਂਗ-ਡਿਸਟੈਂਸ ਨੈਸ਼ਨਲਿਜ਼ਮ" ਕਹਿੰਦੇ ਹਨ—ਅਰਥਾਤ ਵਿਦੇਸ਼ ਵਿੱਚ ਬੈਠ ਕੇ ਕਿਸੇ ਹੋਰ ਦੇਸ਼ ਦੀ ਰਾਜਨੀਤੀ, ਸੁਰੱਖਿਆ ਅਤੇ ਮਨੋਵਿਗਿਆਨ 'ਤੇ ਅਸਰ ਪਾਉਣ ਦੀ ਕੋਸ਼ਿਸ਼।

ਸਭ ਤੋਂ ਹੈਰਾਨੀਜਨਕ ਗੱਲ ਇਹ ਹੈ ਕਿ ਇੱਕ ਪਾਸੇ ਕੈਨੇਡਾ ਆਪਣੇ ਦੇਸ਼ ਵਿੱਚ ਖਾਲਿਸਤਾਨੀ ਸਮਰਥਕ ਗਿਰੋਹਾਂ ਦੀ ਮੌਜੂਦਗੀ ਨੂੰ ਮੰਨਦਾ ਹੈ ਤੇ ਦੂਜੇ ਪਾਸੇ ਇਨ੍ਹਾਂ ਹੀ ਧਿਰਾਂ ਦੇ ਦਬਾਅ ਹੇਠ ਭਾਰਤੀ ਏਜੰਸੀਆਂ ਉੱਤੇ ਅਜਿਹੇ ਦੋਸ਼ ਲਗਾਉਂਦਾ ਹੈ, ਜਿਨ੍ਹਾਂ ਵਿੱਚ ਕੈਨੇਡਾ ਵਿੱਚ ਪ੍ਰੋ-ਖ਼ਾਲਿਸਤਾਨ ਤੱਤਾਂ ਖ਼ਿਲਾਫ਼ ਹੱਤਿਆਵਾਂ ਅਤੇ ਜ਼ਬਰਦਸਤੀ ਵਸੂਲੀ ਵਰਗੀਆਂ ਗਤੀਵਿਧੀਆਂ ਦੇ ਇਲਜ਼ਾਮ ਸ਼ਾਮਲ ਹਨ। ਇਹ ਦੋਹਰਾ ਮਾਪਦੰਡ ਵੀ ਅੰਤਰਰਾਸ਼ਟਰੀ ਪੱਧਰ 'ਤੇ ਗੰਭੀਰ ਚਿੰਤਾ ਦਾ ਵਿਸ਼ਾ ਹੈ। ਅਫ਼ਸੋਸ ਕਿ ਪੱਛਮੀ ਸੰਸਾਰ ਦੇ ਕਈ ਹਿੱਸੇ ਇਸ ਮਸਲੇ ਨੂੰ ਲੰਮੇ ਸਮੇਂ ਤੱਕ ਸਿਰਫ਼ ਭਾਰਤ-ਕੈਨੇਡਾ ਕੂਟਨੀਤਕ ਤਣਾਅ ਵਜੋਂ ਹੀ ਵੇਖ ਰਹੇ ਹਨ। ਭਾਰਤ ਦੀ ਕਾਨੂੰਨੀ ਪ੍ਰਤੀਕਿਰਿਆ ਵੀ ਇਸੇ ਖ਼ਤਰੇ ਦੀ ਪਹਿਚਾਣ 'ਤੇ ਆਧਾਰਤ ਹੈ। Sikhs for Justice 'ਤੇ ਪਾਬੰਦੀ, ਬੱਬਰ ਖ਼ਾਲਸਾ ਨਾਲ ਜੁੜੇ ਮਾਡਿਊਲਾਂ 'ਤੇ ਕਾਰਵਾਈ, ਸਰਹੱਦ ਪਾਰ ਹਥਿਆਰ-ਤਸਕਰੀ ਅਤੇ ਡਰੋਨ ਨੈੱਟਵਰਕਾਂ ਦਾ ਪਰਦਾਫਾਸ਼—ਇਹ ਸਭ ਕੁਝ ਇੱਕੋ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਅੱਜ ਦਾ ਖ਼ਤਰਾ 1980 ਦੇ ਦਹਾਕੇ ਦੀ ਯਾਦ ਨਹੀਂ, ਸਗੋਂ ਮੌਜੂਦਾ ਸੁਰੱਖਿਆ ਹਕੀਕਤ ਹੈ। ਭਾਰਤ ਨੂੰ ਇਤਰਾਜ਼ ਧਾਰਮਿਕ ਵਕਾਲਤ ਨਾਲ ਨਹੀਂ, ਬਲਕਿ ਉਨ੍ਹਾਂ ਗਤੀਵਿਧੀਆਂ ਨਾਲ ਹੈ, ਜੋ ਭਾਰਤ ਦੀ ਪ੍ਰਭੂਸੱਤਾ, ਅਖੰਡਤਾ ਅਤੇ ਅੰਦਰੂਨੀ ਸੁਰੱਖਿਆ ਲਈ ਨੁਕਸਾਨਦਾਇਕ ਮੰਨੀਆਂ ਜਾਂਦੀਆਂ ਹਨ। ਕਾਨੂੰਨੀ ਭਾਸ਼ਾ ਦੇ ਘੇਰੇ 'ਤੇ ਵੱਖ-ਵੱਖ ਰਾਏ ਹੋ ਸਕਦੀਆਂ ਹਨ, ਪਰ ਮੁੱਖ ਨੁਕਤਾ ਨਹੀਂ ਬਦਲਦਾ। ਭਾਰਤ ਇੱਕ ਅਜਿਹੀ ਵੱਖਵਾਦੀ ਪ੍ਰਣਾਲੀ ਦਾ ਜਵਾਬ ਦੇ ਰਿਹਾ ਹੈ, ਜਿਸ ਨਾਲ ਵਾਰ-ਵਾਰ ਉਕਸਾਵਾਂ, ਅਸਥਿਰਤਾ ਅਤੇ ਹਿੰਸਾ ਦੀ ਰਮਾਇਤ ਜੁੜੀ ਰਹੀ ਹੈ।

ਹੁਣ ਹਾਲਾਤ ਹੋਰ ਵੀ ਗੰਭੀਰ ਹੋ ਗਏ ਹਨ। ਆਈਐਸਆਈ-ਸਪਾਂਸਰ ਤੱਤ ਅਤੇ ਖਾਲਿਸਤਾਨੀ ਹਿੰਸਕ ਨੈੱਟਵਰਕ ਸਿਰਫ਼ ਵਿਚਾਰਧਾਰਕ ਜ਼ਹਿਰ ਹੀ ਨਹੀਂ ਫੈਲਾ ਰਹੇ, ਸਗੋਂ ਇਕ ਵਾਰ ਫਿਰ ਜ਼ਮੀਨੀ ਹਮਲਿਆਂ ਤੱਕ ਵੀ ਉਤਰ ਆਏ ਹਨ। ਬੀਤੇ ਦਿਨੀਂ ਚੰਡੀਗੜ੍ਹ ਸਥਿਤ ਪੰਜਾਬ ਭਾਜਪਾ ਦਫ਼ਤਰ 'ਤੇ ਗ੍ਰਨੇਡ ਹਮਲਾ ਕੀਤਾ ਗਿਆ। ਇਹ ਹਮਲੇ ਸਿਰਫ਼ ਇਮਾਰਤਾਂ 'ਤੇ ਨਹੀਂ ਹੁੰਦੇ—ਇਹ ਰਾਜ ਦੀ ਅਥਾਰਿਟੀ, ਲੋਕਤੰਤਰੀ ਢਾਂਚੇ ਅਤੇ ਜਨ-ਮਾਨਸ ਦੇ ਵਿਸ਼ਵਾਸ 'ਤੇ ਹਮਲੇ ਹੁੰਦੇ ਹਨ। ਰਾਜਨੀਤਿਕ ਦਫ਼ਤਰ ਨੂੰ ਨਿਸ਼ਾਨਾ ਬਣਾਉਣਾ ਇਸ ਤਰ੍ਹਾਂ 'ਤੇ ਗ੍ਰਨੇਡ ਸੁੱਟਣਾ ਲੋਕਤੰਤਰ ਨੂੰ ਡਰਾਉਣ ਦੀ ਕੋਸ਼ਿਸ਼ ਹੈ। ਇਸੇ ਤਰ੍ਹਾਂ ਪਿਛਲੇ ਮਹੀਨੇ ਇਕ ਸਰਹੱਦੀ ਪੁਲਿਸ ਚੌਕੀ ਨੂੰ ਨਿਸ਼ਾਨਾ ਬਣਾਉਂਦਿਆਂ ਵਿੱਚ ਇਕ ਏਐਸਆਈ ਸਮੇਤ ਇਕ ਪੁਲਿਸ ਕਰਮੀ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਸੁਰੱਖਿਅਤ ਪੁਲਿਸ ਖ਼ੁਫ਼ੀਆ ਹੈੱਡਕੁਆਰਟਰ, ਪੁਲਿਸ ਥਾਣਿਆਂ ਅਤੇ ਚੌਕੀਆਂ 'ਤੇ ਹਮਲੇ ਸੁਰੱਖਿਆ ਤੰਤਰ ਨੂੰ ਚੁਣੌਤੀ ਹਨ। ਅਜਿਹੀਆਂ ਵਾਰਦਾਤਾਂ ਇਸ ਗੱਲ ਨੂੰ ਪੁਖ਼ਤਾ ਬਣਾਉਂਦੀਆਂ ਹਨ ਕਿ ਸਰਹੱਦ ਪਾਰੋਂ ਚਲਾਇਆ ਜਾ ਰਿਹਾ ਨਸ਼ੇ, ਹਥਿਆਰਾਂ, ਗ੍ਰਨੇਡਾਂ ਅਤੇ ਪ੍ਰਚਾਰ ਦਾ ਜਾਲ ਪੰਜਾਬ ਦੀ ਧਰਤੀ ਨੂੰ ਮੁੜ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਹੁਣ ਇਸ ਨੂੰ ਸਿਰਫ਼ "ਫ੍ਰਿੰਜ ਐਕਟਿਵਿਟੀ" ਕਹਿ ਕੇ ਟਾਲਿਆ ਨਹੀਂ ਜਾ ਸਕਦਾ। ਜਦੋਂ ਇਹ ਸਭ ਕੁਝ ਉਸੇ ਸਮੇਂ ਹੋਵੇ, ਜਦੋਂ ਵਿਦੇਸ਼ੀ ਧਰਤੀ 'ਤੇ ਬੈਠੇ ਕੁਝ ਕੱਟੜ ਗਿਰੋਹ ਗੁਰਦੁਆਰਿਆਂ, ਕਮਿਊਨਿਟੀ ਸੰਸਥਾਵਾਂ ਅਤੇ ਪਰਵਾਸੀ ਸਿੱਖ ਭਾਈਚਾਰੇ ਦੇ ਅੰਦਰ ਪ੍ਰਭਾਵ ਲਈ ਲੜ ਰਹੇ ਹੋਣ, ਤਾਂ ਤਸਵੀਰ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ—ਇਹ ਸਿਰਫ਼ ਵਿਚਾਰਧਾਰਾ ਨਹੀਂ, ਇਹ ਇੱਕ ਦੂਜੇ ਨਾਲ ਜੁੜਿਆ ਹੋਇਆ ਨੈੱਟਵਰਕ ਹੈ।

ਕੱਟੜਪੰਥੀ ਰਾਜਨੀਤੀ ਸਿਰਫ਼ ਉਸ ਰਾਜ ਦਾ ਵਿਰੋਧ ਕਰਕੇ ਜਿਊਂਦੀ ਨਹੀਂ ਰਹਿੰਦੀ, ਜਿਸ ਦਾ ਉਹ ਵਿਰੋਧ ਕਰਦੀ ਹੈ; ਇਹ ਉਸ ਭਾਈਚਾਰੇ 'ਤੇ ਕਬਜ਼ਾ ਕਰਕੇ ਵੀ ਮਜ਼ਬੂਤ ਹੋਣ ਦੀ ਖ਼ਾਹਿਸ਼ਮੰਦ ਹੈ, ਜਿਸ ਦੀ ਇਹ ਨੁਮਾਇੰਦਗੀ ਕਰਨ ਦਾ ਦਾਅਵਾ ਕਰਦੀ ਹੈ। ਗੁਰਦੁਆਰਾ-ਕੇਂਦਰਿਤ ਭਾਈਚਾਰਕ ਜੀਵਨ ਵਿੱਚ ਇਹ ਹੋਰ ਵੀ ਖ਼ਤਰਨਾਕ ਹੈ, ਕਿਉਂਕਿ ਧਾਰਮਿਕ ਸੰਸਥਾਵਾਂ ਮਰਯਾਦਾ ਨਾਲ ਚਲਦੀਆਂ ਹਨ; ਇਸ ਲਈ ਉਨ੍ਹਾਂ ਨੂੰ ਕਦੇ ਵੀ ਵਿਚਾਰਧਾਰਕ ਡਰਾਵੇ, ਦਬਾਅ ਜਾਂ ਗਿਰੋਹਬੰਦੀ ਦੇ ਸਾਧਨ ਵਿੱਚ ਨਹੀਂ ਬਦਲਣ ਦੇਣਾ ਚਾਹੀਦਾ।

ਕੈਨੇਡਾ ਵਿੱਚ ਉੱਭਰਿਆ ਇਹ ਵਿਵਾਦ ਵਿਸ਼ੇਸ਼ ਧਿਆਨ ਮੰਗਦਾ ਹੈ ਅਤੇ ਇਹ ਇਸ਼ਾਰਾ ਕਰਦਾ ਹੈ ਕਿ ਕੈਨੇਡਾ ਦੀ ਧਰਤੀ ਹੁਣ ਸਿਰਫ਼ ਡਾਇਸਪੋਰਾ ਰਾਜਨੀਤੀ ਦਾ ਕੇਂਦਰ ਨਹੀਂ ਰਹੀ, ਸਗੋਂ ਇੱਕ ਅਜਿਹਾ ਮੰਚ ਬਣਦੀ ਜਾ ਰਹੀ ਹੈ, ਜਿੱਥੇ ਕੁਝ ਵੱਖਵਾਦੀ ਗਿਰੋਹ ਪ੍ਰਚਾਰ, ਫੰਡਿੰਗ ਅਤੇ ਯੋਜਨਾਬੰਦੀ ਕਰ ਰਹੇ ਹਨ। ਜਦੋਂ ਡਾਇਸਪੋਰਾ ਦੇ ਅੰਦਰੋਂ ਹੀ ਡਰਾਉਣ-ਧਮਕਾਉਣ, ਸੰਸਥਾਵਾਂ ਦੀ ਦੁਰਵਰਤੋਂ ਅਤੇ ਅਸਹਿਮਤੀ ਵਿਰੁੱਧ ਕਾਰਵਾਈ ਦੇ ਦੋਸ਼ ਸਾਹਮਣੇ ਆ ਰਹੇ ਹੋਣ, ਤਾਂ ਇਹ ਮੁੱਦਾ ਕਿਸੇ ਇੱਕ ਧਿਰ ਜਾਂ ਇੱਕ ਘਟਨਾ ਤੋਂ ਕਾਫ਼ੀ ਵੱਡਾ ਹੋ ਜਾਂਦਾ ਹੈ। ਕੈਨੇਡਾ ਵਿੱਚ ਧਿਰਾਂ ਦਾ ਇਕ-ਦੂਜੇ ਨਾਲ ਭਿੜਨਾ ਸਿਰਫ਼ ਇੱਕ ਵਾਰਦਾਤ ਨਹੀਂ, ਇਹ ਇੱਕ ਵੱਡੇ ਅਤੇ ਡੂੰਘੇ ਖ਼ਤਰੇ ਦੀ ਨਿਸ਼ਾਨੀ ਹੈ।

ਇਸ ਮਾਮਲੇ ਵਿੱਚ ਦੋ ਗੱਲਾਂ ਬਹੁਤ ਜ਼ਰੂਰੀ ਹਨ। ਪਹਿਲੀ—ਸਿੱਖ ਭਾਈਚਾਰੇ ਨੂੰ ਸ਼ੱਕ ਦੇ ਘੇਰੇ ਵਿੱਚ ਲਿਆਉਣਾ ਗ਼ਲਤ ਹੋਵੇਗਾ। ਦੂਜੀ—ਖਾਲਿਸਤਾਨੀ ਹਿੰਸਕ ਕੱਟੜਵਾਦ ਨੂੰ "ਛੋਟਾ ਮਸਲਾ" ਸਮਝ ਕੇ ਛੱਡ ਦੇਣਾ ਹੋਰ ਵੀ ਵੱਡੀ ਗ਼ਲਤੀ ਸਿੱਧ ਹੋਵੇਗੀ। ਕਿਉਂਕਿ ਜਿੱਥੇ ਸਮਾਜ ਚੁੱਪ ਰਹਿੰਦਾ ਹੈ, ਉੱਥੇ ਕੱਟੜਪੰਥੀ ਆਪਣੀਆਂ ਜੜ੍ਹਾਂ ਹੋਰ ਡੂੰਘੀਆਂ ਕਰ ਲੈਂਦੇ ਹਨ।

ਅਸਲ ਸਵਾਲ ਇਹ ਨਹੀਂ ਕਿ ਕਿੰਨੇ ਲੋਕ ਨਾਅਰੇ ਲਗਾਉਂਦੇ ਹਨ। ਅਸਲ ਸਵਾਲ ਇਹ ਹੈ ਕਿ ਕੀ ਲੋਕਤੰਤਰੀ ਸਮਾਜ ਅਜਿਹੀ ਹਿੰਸਕ ਰਾਜਨੀਤੀ ਨੂੰ ਧਰਮ, ਪਹਿਚਾਣ ਅਤੇ ਅਧਿਕਾਰਾਂ ਦੀ ਭਾਸ਼ਾ ਦੀ ਢਾਲ ਹੇਠ ਅੱਗੇ ਵਧਣ ਦੇਣਗੇ? ਕੀ ਗੁਰਦੁਆਰੇ ਕਮਿਊਨਿਟੀ ਦੇ ਕੇਂਦਰ ਰਹਿਣਗੇ ਜਾਂ ਗਿਰੋਹਬੰਦੀ ਦੇ ਅੱਡੇ ਬਣਨ ਦਿੱਤੇ ਜਾਣਗੇ? ਕੀ ਕੈਨੇਡਾ ਦੀ ਧਰਤੀ ਆਜ਼ਾਦੀ ਦਾ ਮੰਚ ਰਹੇਗੀ ਜਾਂ ਭਾਰਤ-ਵਿਰੋਧੀ ਹਿੰਸਾ ਦੀ ਪਿਛਲੀ

ਜਿਤੁ ਖਾਧੈ, ਤਨੁ ਪੀੜੀਐ..... ਮਨ ਮਹਿ ਚਲਹਿ ਵਿਕਾਰ॥

ਸੰਜੀਵ ਸਿੰਘ ਸੈਣੀ 7888966168

ਮਨੁੱਖੀ ਖਾਣ ਪੀਣ ਨੂੰ ਲੈ ਕੇ ਪਹਿਲੇ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਗੁਰਬਾਣੀ ਰਾਹੀਂ ਉਪਦੇਸ਼ ਦਿੱਤਾ ਸੀ ਕਿ ਮਨੁੱਖ ਨੂੰ ਹਮੇਸ਼ਾ ਕੁਦਰਤੀ ਤੇ ਸਾਦਾ ਭੋਜਨ ਹੀ ਕਰਨਾ ਚਾਹੀਦਾ ਹੈ। ਮਨੁੱਖ ਨੇ ਕੀ ਖਾਣਾ ਹੈ, ਕੀ ਪੀਣਾ ਤੇ ਕਿਸ ਤਰ੍ਹਾਂ ਦਾ ਪਹਿਰਾਵਾ ਪਹਿਨਣਾ ਹੈ, ਇਸਦੀ ਚੋਣ ਮਨੁੱਖ ਨੇ ਆਪ ਹੀ ਕਰਨੀ ਹੈ। ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਦੇ ਘਰ ਕੋਧਰੇ ਦਾ ਪ੍ਰਸ਼ਾਦਾ ਛੱਕ ਕੇ ਸੱਚੀ ਕਿਰਤ ਦਾ ਸੰਦੇਸ਼ ਦਿੱਤਾ , ਪਰ ਮਨੁੱਖ ਇਨ੍ਹਾਂ ਚੀਜ਼ਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ ਜਿਵੇਂ ਜਿਵੇਂ ਵਿਗਿਆਨ ਤਰੱਕੀ ਕਰ ਰਿਹਾ ਹੈ, ਇਨਸਾਨ ਦੀ ਸੋਚ ਵਿੱਚ ਬਹੁਤ ਜਿਆਦਾ ਬਦਲਾਅ ਆ ਗਿਆ ਹੈ। ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਤਕਰੀਬਨ ਪਿਛਲੇ 10 ਸਾਲਾਂ ਵਿੱਚ ਸੰਸਾਰ ਵਿੱਚ ਬਹੁਤ ਵੱਡਾ ਬਦਲਾਅ ਆਇਆ ਹੈ। ਅੱਜ ਮਨੁੱਖ ਘਰ ਬਣੇ ਖਾਣੇ ਨੂੰ ਤਰਜੀਹ ਨਹੀਂ ਦਿੰਦਾ ,ਬਾਹਰੀ ਖਾਣੇ ਨੂੰ ਜ਼ਿਆਦਾ ਤਰਜੀਹ ਦੇ ਰਿਹਾ ਹੈ। ਮਹਿੰਗੇ ਤਲੇ ਹੋਏ ਪਦਾਰਥ, ਜ਼ਿਆਦਾ ਮਸਾਲੇਦਾਰ ਪਕਵਾਨ, ਜੰਕ ਫੂਡ ਖਾਣ ਵਿੱਚ ਆਪਣੀ ਸ਼ੋਹਰਤ ਸਮਝਦਾ ਹੈ। ਜਿਸ ਕਰਕੇ ਅੱਜ ਇਨਸਾਨ ਮਾਰੂ ਬਿਮਾਰੀਆਂ ਦਾ ਸ਼ਿਕਾਰ ਹੋ ਚੁੱਕਿਆ ਹੈ। ਜੀਭ ਦੇ ਚਸਕੇ ਕਾਰਨ ਜਾਂ ਭੈੜੀ ਸੰਗਤ ਵਿੱਚ ਪੈ ਕੇ ਮਨੁੱਖ ਅਜਿਹੀਆਂ ਚੀਜ਼ਾਂ ਦਾ ਆਦੀ ਹੋ ਚੁੱਕਿਆ ਹੈ ਜੋ ਸਰੀਰ ਨੂੰ ਅੰਦਰੋਂ ਅੰਦਰ ਖਤਮ ਕਰ ਰਹੀਆਂ ਹਨ। ਜੇ ਸਾਡਾ ਸਰੀਰ ਚੰਗੀ ਤਰ੍ਹਾਂ ਤੰਦਰੁਸਤ ਹੋਵੇਗਾ, ਤਾਂ ਅਸੀਂ ਆਪਣੇ ਰੋਜ਼ਮਰ੍ਹਾ ਦੇ ਕੰਮ ਆਸਾਨੀ ਨਾਲ ਕਰ ਸਕਦੇ ਹਾਂ ।ਇਸ ਨਾਲ ਸਾਡਾ ਪਰਿਵਾਰ ਵੀ ਖੁਸ਼ ਹੋਵੇਗਾ। ਪਰਿਵਾਰ ਦੇ ਖੁਸ਼ਹਾਲ ਹੋਣ ਨਾਲ ਸਾਡਾ ਆਲਾ ਦੁਆਲਾ ਤੇ ਸਾਡਾ ਸਮਾਜ ਵੀ ਤੰਦਰੁਸਤ ਬਣ ਜਾਵੇਗਾ।

ਅੱਜ ਕੁਦਰਤ ਤੋਂ ਵੱਡਾ ਕੋਈ ਵੈਦ ਨਹੀਂ ਹੈ ਕੁਦਰਤ ਨੇ ਪਾਣੀ ਦੇ ਅੰਦਰ ਅਨੇਕਾਂ ਖਾਦ ਪਦਾਰਥ ਪੈਦਾ ਕੀਤੇ ਹਨ। ਜੇ ਪੰਜਾਬ ਦੀ ਗੱਲ ਕਰੀਏ ਤਾਂ 15 ਕੁ ਸਾਲ ਪਹਿਲਾਂ ਹਰ ਘਰ ਵਿੱਚ ਪਸ਼ੂ ਰੱਖੇ ਜਾਂਦੇ ਸਨ। ਹਰ ਘਰ ਵਿੱਚ ਲੱਸੀ, ਦੁੱਧ, ਮੱਖਣ,ਪਨੀਰ ਆਮ ਮਿਲ ਜਾਂਦਾ ਸੀ। ਮਿੱਟੀ ਦੇ ਬਣੇ ਹਾਰਿਆਂ ਵਿੱਚ ਦੁੱਧ ਰੱਖਿਆ ਜਾਂਦਾ ਸੀ। ਉਹ ਪੱਕ ਪੱਕ ਕੇ ਕੜ ਜਾਂਦਾ ਸੀ। ਜੇ ਘਰ ਕੋਈ ਪ੍ਰਾਹੁਣਾ ਆ ਜਾਂਦਾ ਸੀ ਤਾਂ ਉਸਨੂੰ ਹਾਰੇ ਵਾਲਾ ਦੁੱਧ ਪਿਆਇਆ ਜਾਂਦਾ ਸੀ। ਉਹਨਾਂ ਵੇਲਿਆਂ ਵਿੱਚ ਇਹ ਠੰਡੇ ਪਦਾਰਥ ਜਿਵੇਂ ਕੋਲਡ ਡਰਿੰਕ , ਫਰੂਟੀਆਂ ਇਹ ਨਹੀਂ ਦਿੱਤੀ ਜਾਂਦੀਆਂ ਸਨ, ਨਾ ਹੀ ਇਨ੍ਹਾਂ ਬਾਰੇ ਕਿਸੇ ਨੂੰ ਜਾਣਕਾਰੀ ਹੁੰਦੀ ਸੀ। ਸਰਦੀਆਂ ਵਿੱਚ ਹਰ ਘਰ ਵਿੱਚ ਮੱਕੀ ਰੋਟੀ, ਸਾਗ ਬਣਦਾ ਸੀ। ਸ਼ਰੀਰ ਨੂੰ ਗਰਮ ਰੱਖਣ ਲਈ ਬਾਜਰਾ ਤੋਂ ਬਣੀ ਹੋਈ ਚੀਜ਼ ਖਾਈ ਜਾਂਦੀ ਸੀ। ਪਿੰਡਾਂ ਵਿੱਚ ਅੰਬ, ਜਾਮਣਾ, ਬੇਰ, ਅਮਰੂਦ ਖਜੂਰਾਂ ਦੇ ਬੂਟ ਆਮ ਹੁੰਦੇ ਸਨ। ਆਪਸੀ ਪ੍ਰੀਤ ਪਿਆਰ ਬਹੁਤ ਸੀ। ਗੁਆਂਢੀਆਂ ਨੂੰ ਫਲ ਫਰੂਟ ਵੰਡ ਦਿੱਤੇ ਜਾਂਦੇ ਸਨ। ਖੇਤਾਂ ਵਿੱਚੋਂ ਗੰਨੇ ਹੁੰਦੇ ਸਨ। ਗੰਨੇ ਚੂਸੇ ਜਾਂਦੇ ਸਨ। ਛੁੱਟੀਆਂ ਵਿੱਚ ਸਾਰੇ ਬੱਚੇ ਆਪਣੇ ਨਾਨਕੇ ਘਰ ਜਾਂਦੇ ਸਨ । ਉੱਥੇ ਗਰਮੀ ਦੀ ਛੁੱਟੀਆਂ ਵਿੱਚ ਦਰਖਤਾਂ ਦੀ ਛਾਂ ਹੇਠ ਬੈਠ ਕੇ ਖੇਡਦੇ ਸਨ। ਜਿਵੇਂ ਜਿਵੇਂ ਟੈਕਨੋਲੋਜੀ ਵੱਧਦੀ ਗਈ, ਪੈਸੇ ਦੀ ਹੋੜ ਲੱਗਦੀ ਗਈ। ਕੁਦਰਤ ਨੂੰ ਤਹਿਸ਼ ਨਹਿਸ਼ ਕਰਨ ਵਿੱਚ ਇਨਸਾਨ ਨੇ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਦਿਨਾਂ ਵਿੱਚ ਬਰਗਰ, ਪੀਜ਼ਾ, ਨਿਊਡਲ ਹੋਰ ਪਤਾ ਨਹੀਂ ਕਿੰਨੇ ਹੀ ਜੰਕ ਫੂਡ ਨਹੀਂ ਹੁੰਦੇ ਸਨ ,ਕਹਿਣ ਦਾ ਭਾਵ ਹੈ ਕਿ ਜੇ ਹੁੰਦੇ ਵੀ ਸਨ ਤਾਂ ਕਿਸੇ ਦੇ ਘਰ ਨਹੀਂ ਆਉਂਦੇ ਸਨ। ਬੱਚਿਆਂ ਨੂੰ ਇਹਨਾਂ ਚੀਜ਼ਾਂ ਬਾਰੇ ਪਤਾ ਤੱਕ ਵੀ ਨਹੀਂ ਹੁੰਦਾ ਸੀ। ਅੱਜ ਮਿਲਾਵਟ ਦਾ ਦੌਰ ਹੈ। ਕੈਮੀਕਲ ਭੋਜਨ ਖਾ ਕੇ ਹਰ ਘਰ ਵਿੱਚ ਕੋਈ ਨਾ ਕੋਈ ਇਨਸਾਨ ਬਿਮਾਰ ਹੈ। ਹਰ ਘਰ ਵਿੱਚ ਕਿਸੇ ਨਾ ਕਿਸੇ ਇਨਸਾਨ ਦੀ ਦਵਾਈ ਆ ਰਹੀ ਹੈ। ਪੁਰਾਣੇ ਵੇਲਿਆਂ ਵਿੱਚ ਲੋਕ ਘਰ ਦਾ ਬਣਿਆ ਹੋਇਆ ਸ਼ੁੱਧ ਖਾਣਾ ਖਾਂਦੇ ਸਨ। ਅਕਸਰ ਜਦੋਂ ਅਸੀਂ ਕੋਈ ਖਰੀਦਾਰੀ ਲਈ ਬਾਹਰ ਜਾਂਦੇ ਹਾਂ ਤਾਂ ਵੱਡੇ ਵੀ ਜੰਕ ਫੂਡ ਖਾਂਦੇ ਹਨ, ਉਹਨਾਂ ਦੀ ਦੇਖਾ ਦੇਖੀ ਵਿੱਚ ਫਿਰ ਬੱਚਿਆਂ ਨੂੰ ਇਹ ਲੱਤ ਲੱਗ ਜਾਂਦੀ ਹੈ। ਹਲਕੀ ਉਮਰ ਦੇ ਬੱਚਿਆਂ ਨੂੰ ਮੋਟਾਪੇ ਨੇ ਘੇਰ ਲਿਆ ਹੈ। 24 ਸਾਲ ਦੇ ਨੌਜਵਾਨ ਦੇ ਸਟੰਟ ਪੈ ਰਹੇ ਹਨ। ਦਿਲ ਦੇ ਰੋਗ, ਸ਼ੂਗਰ ਮਰੀਜ਼ਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਅੱਜਕੱਲ ਤਾਂ ਬਾਹਰ ਖਰੀਦ ਕੇ ਲਿਆਉਣ ਦੀ ਜਰੂਰਤ ਵੀ ਨਹੀਂ ਹੈ ,ਆਨਲਾਈਨ ਕਰਕੇ ਸਾਰਾ ਕੁੱਝ ਕਰ ਬੈਠੇ ਹੀ ਮਿਲ ਜਾਂਦਾ ਹੈ। ਨੌਕਰੀ ਪੇਸ਼ਾ ਮਾਂ ਪਿਓ ਥੱਕੇ ਹਾਰੇ ਜਦੋਂ ਸ਼ਾਮ ਨੂੰ ਘਰ ਆਉਂਦੇ ਹਨ ਤਾਂ ਬੱਚਿਆਂ ਦੇ ਹੱਥ ਵਿੱਚ ਉਹਨਾਂ ਦਾ ਮੋਬਾਇਲ ਆ ਜਾਂਦਾ ਹੈ। ਆਪਣੇ ਆਪ ਮੂੰਹੋਂ ਕਹਿੰਦੇ ਹਨ ਕਿ ਸਾਨੂੰ ਤੰਗ ਨਾ ਕਰੀ, ਸਾਨੂੰ ਆਰਾਮ ਕਰਨ ਦੇ, ਬਾਹਰ ਤੋਂ ਆਰਡਰ ਕਰਕੇ ਕੁੱਝ ਖਾਣ ਪੀਣ ਲਈ ਮੰਗਵਾ ਲੈ, ਅਸੀਂ ਵੀ ਉਹੀ ਖਾ ਪੀ ਕੇ ਸੌ ਜਾਵਾਂਗੇ। ਚੰਗਾ ਭੋਜਨ ਸਾਨੂੰ ਖਾਣਾ ਚਾਹੀਦਾ ਹੈ। ਭੋਜਨ ਤੋਂ ਰਸ ਲੈ ਕੇ ਸਰੀਰ ਨੂੰ ਸਹਾਰਾ ਮਿਲਦਾ ਹੈ। ਤੰਦਰੁਸਤ ਰਹਿਣ ਲਈ ਸਰੀਰ ਅਤੇ ਮਨ ਦੋਵਾਂ ਦਾ ਅਰੋਗ ਹੋਣਾ ਜਰੂਰੀ ਹੈ। ਅਕਸਰ ਸਿਆਣੇ ਕਹਿੰਦੇ ਵੀ ਹਨ ਕਿ ਜਿਉਂਦੇ ਰਹਿਣ ਲਈ ਖਾਣਾ ਖਾਓ, ਨਾ ਕਿ ਖਾਣ ਲਈ ਜੀਓ। ਜੇਕਰ ਅਸੀਂ ਪਰਮਾਤਮਾ ਦੀ ਚੰਗੀ ਤਰ੍ਹਾਂ ਬੰਦਗੀ ਨਹੀਂ ਕਰ ਪਾਏ ਤਾਂ ਸਾਡਾ ਤਨ ਤੇ ਮਨ ਦੋਵੇਂ ਰੋਗੀ ਹੋ ਜਾਣਗੇ। ਇਸ ਲਈ ਮਨ ਅਤੇ ਤਨ ਨੂੰ ਅਰੋਗ ਰੱਖਣ ਲਈ ਸਾਨੂੰ ਸਾਦਾ ਭੋਜਨ ਤੇ ਥੋੜੀ ਨੀਂਦ ਲੈਣੀ ਚਾਹੀਦੀ ਹੈ ।ਜੀਭ ਦੇ ਸਵਾਦ ਦੇ ਚੱਕਰ ਵਿੱਚ ਅਸੀਂ ਅੱਜ ਬਿਮਾਰੀਆਂ ਨੂੰ ਸਹੇੜ ਰਹੇ ਹਨ। ਹਰ ਤਰ੍ਹਾਂ ਦਾ ਨਸ਼ਾ ਸਰੀਰ ਨੂੰ ਨੁਕਸਾਨ ਕਰਦਾ ਹੈ।

ਵਸੂਲੀ ਅਧਿਕਾਰੀ ਦਾ ਦਫਤਰ-1/2

ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1)
ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ ਚੰਡੀਗੜ੍ਹ

ਮੰਗ ਸੂਚਨਾ
ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ
ਆਰ.ਸੀ./1111/2025 ਮਿਤੀ : 09.03.2026
ਪੰਜਾਬ ਨੈਸ਼ਨਲ ਬੈਂਕ
ਬਨਾਮ
ਮੈਸ. ਸੀਰਤ ਐਂਟਰਪ੍ਰਾਇਜ਼ਜ਼

ਵੱਲ,
(ਸੀਡੀ 1) ਮੈਸਰਜ਼ ਸੀਰਤ ਐਂਟਰਪ੍ਰਾਈਜ਼ਿਜ਼, ਇੱਕ ਪ੍ਰੋਪਰਾਈਟਰਸ਼ਿਪ ਕੰਸਰਨ ਜਿਸਦਾ ਰਜਿਸਟਰਡ ਦਫ਼ਤਰ 169, ਫੋਕਲ ਪੁਆਇੰਟ, ਅੰਮ੍ਰਿਤਸਰ ਵਿਖੇ ਇਸਦੇ ਪ੍ਰੋਪਰਾਈਟਰ ਪਰਮਿੰਦਰ ਕੌਰ, ਅੰਮ੍ਰਿਤਸਰ, ਪੰਜਾਬ ਰਾਹੀਂ ਹੈ।
(ਸੀਡੀ 2) ਪਰਮਿੰਦਰ ਕੌਰ ਪਤਨੀ ਕਮਲਜੀਤ ਸਿੰਘ ਪ੍ਰੋਪਰਾਈਟਰ ਮੈਸਰਜ਼ ਸੀਰਤ ਐਂਟਰਪ੍ਰਾਈਜ਼ਿਜ਼, 169, ਫੋਕਲ ਪੁਆਇੰਟ, ਅੰਮ੍ਰਿਤਸਰ, ਪੰਜਾਬ।
ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1) ਓਏ/ 600/2020 ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 03.01.2020 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 13.60% ਦੀ ਦਰ 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ ਰੁ. 44,47,067/- (ਰੁਪਏ ਚੁਤਾਲੀ ਲੱਖ ਸੰਤਾਲੀ ਹਜ਼ਾਰ ਸਤਾਹਠ ਪੈਸੇ ਕੇਵਲ) ਦੀ ਰਕਮ ਅਤੇ ਰੁ. 47,005/- (ਰੁਪਏ ਸੰਤਾਲੀ ਹਜ਼ਾਰ ਪੰਜ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।
2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3.ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੇਰੀ ਕਾਰਵਾਈ ਲਈ 22.04.2026 ਨੂੰ ਸਵੇਰੇ 10.30 ਵਜੇ ਨਿਮਨ ਹਸਤਾਖਰੀ ਕੋਲ ਹਾਜ਼ਰ ਹੋਵੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ :
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।
ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 09.03.2026 ਨੂੰ ਜਾਰੀ।
ਰਿਕਵਰੀ ਦਫਤਰ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)

equitas ਇਕੁਇਟਾਸ ਸਮਾਲ ਫਾਈਨੈਂਸ ਬੈਂਕ ਲਿਮਟਿਡ (ਪਹਿਲਾਂ ਇਕੁਇਟਾਸ ਫਾਈਨੈਂਸ ਲਿਮਟਿਡ ਵਜੋਂ ਜਾਣਿਆ ਜਾਂਦਾ ਸੀ)
ਰਜਿਸਟਰਡ ਦਫ਼ਤਰ: ਨੰ.769, ਸਪੈਨਸਰ ਪਲਾਜ਼ਾ, ਚੌਥੀ ਮੰਜ਼ਿਲ, ਫੇਜ਼-2, ਅੰਨਾ ਸਲਾਈ, ਚੇਨਈ - 600002

ਕਬਜ਼ੇ ਦਾ ਨੋਟਿਸ (ਨਿਯਮ 8 (1) ਦੇ ਤਹਿਤ - ਅਚੱਲ ਜਾਇਦਾਦ ਲਈ)

ਇਕੁਇਟਾਸ ਸਮਾਲ ਫਾਈਨੈਂਸ ਬੈਂਕ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ, ਹੇਠ ਹਸਤਾਖਰ ਕਰਨ ਵਾਲੇ ਨੇ ਵਿੱਤੀ ਸੰਪਤੀਆਂ ਦੇ ਸੁਰੱਖਿਆਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਉਪਬੰਧਾਂ ਦੇ ਤਹਿਤ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 9 ਦੇ ਨਾਲ ਪੜ੍ਹੇ ਗਏ ਧਾਰਾ 13(12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਇੱਥੇ ਦੱਸੇ ਗਏ ਸਬੰਧਤ ਉਧਾਰ ਲੈਣ ਵਾਲਿਆਂ ਨੂੰ 60 ਦਿਨਾਂ ਦੀ ਮਿਆਦ ਦੇ ਅੰਦਰ ਉਕਤ ਐਕਟ ਦੇ ਧਾਰਾ 13(2) ਦੇ ਤਹਿਤ ਸਬੰਧਤ ਨੋਟਿਸਾਂ ਵਿੱਚ ਦਰਸਾਈਆਂ ਗਈਆਂ ਰਕਮਾਂ ਦਾ ਭੁਗਤਾਨ ਕਰਨ ਲਈ ਕਿਹਾ ਹੈ। ਸਬੰਧਤ ਕਰਜ਼ਦਾਰ ਦਰਸਾਈਆਂ ਰਕਮਾਂ ਦਾ ਭੁਗਤਾਨ ਕਰਨ ਵਿੱਚ ਅਸਫਲ ਰਹੇ ਹਨ, ਇਸ ਦੁਆਰਾ ਕਰਜ਼ਦਾਰਾਂ, ਜ਼ਾਮਨਾਂ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਮਾਨਯੋਗ ਜ਼ਿਲ੍ਹਾ ਮੈਜਿਸਟਰੇਟ ਸ੍ਰੀ ਮੁਕਤਸਰ ਸਾਹਿਬ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਪੰਜਾਬ ਦੁਆਰਾ ਪਾਸ ਨੰ. 469-472 ਸਰਫਾਇਸੀ ਪੇਸ਼ੀ ਮਿਤੀ 06.01.2025 ਅਧੀਨ ਸਰਫਾਇਸੀ ਐਕਟ ਦੀ ਧਾਰਾ 14 ਅਧੀਨ, ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀਆਂ ਵਰਤੋਂ ਕਰਦੇ ਹੋਏ ਹੇਠਾਂ ਦੱਸੀਆਂ ਗਈਆਂ ਜਾਇਦਾਦਾਂ ਦਾ ਭੌਤਿਕ ਕਬਜ਼ਾ ਲੈ ਲਿਆ ਹੈ।
ਖਾਸ ਕਰਕੇ ਸਬੰਧਤ ਕਰਜ਼ਦਾਰਾਂ ਅਤੇ ਆਮ ਲੋਕਾਂ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਉਕਤ ਜਾਇਦਾਦਾਂ ਨਾਲ ਕੋਈ ਲੈਣ-ਦੇਣ ਨਾ ਕਰਨ ਅਤੇ ਇਨ੍ਹਾਂ ਜਾਇਦਾਦਾਂ ਨਾਲ ਕੋਈ ਵੀ ਲੈਣ-ਦੇਣ ਕਰਨ 'ਤੇ ਹੇਠਾਂ ਦੱਸੀ ਗਈ ਸਬੰਧਤ ਰਕਮ ਲਈ ਇਕੁਇਟਾਸ ਸਮਾਲ ਫਾਈਨੈਂਸ ਬੈਂਕ ਦੇ ਚਾਰਜ ਦੇ ਅਧੀਨ ਹੋਵੇਗਾ।

ਲ. ਨੰ.	ਕਰਜ਼ਦਾਰ(ਾਂ)/ ਜ਼ਾਮਨ(ਾਂ) ਦਾ ਨਾਮ	ਸੁਰੱਖਿਅਤ ਸੰਪਤੀ (ਅਚੱਲ ਜਾਇਦਾਦ) ਦਾ ਵੇਰਵਾ	ਮੰਗ ਸੂਚਨਾ ਦੀ ਮਿਤੀ ਅਤੇ ਰਕਮ	ਕਬਜ਼ਾ ਲੈਣ ਦੀ ਮਿਤੀ
1	ਕਰਜ਼ਦਾਰ/ ਸਹਿ ਕਰਜ਼ਦਾਰ ਐਲਏਐਨ ਨੰਬਰ ਸ਼ਾਖਾ: ਮੁਕਤਸਰ। ਲੋਨ ਨੰਬਰ SEMKTSR233988 ਕਰਜ਼ਦਾਰ: 1. ਸ੍ਰੀ/ਸ਼੍ਰੀਮਤੀ ਸ਼ਿਵਰਾਜ ਸਿੰਘ ਵਾਸੀ ਗਾਂਧੀ ਨਗਰ, ਗਲੀ ਨੰਬਰ 4 ਮੁਕਤਸਰ, ਪੰਜਾਬ 152026. ਇੱਥੇ ਵੀ: ਪਿੰਡ ਕੰਨੀਆਂ ਵਾਲੀ ਮੈਸ.ਮਨੀ ਜਵੈਲਰਜ਼,ਮੁਕਤਸਰ, ਪੰਜਾਬ। 152026 2. ਸ਼੍ਰੀਮਾਨ/ਸ਼੍ਰੀਮਤੀ ਪਰਮਿੰਦਰ ਕੌਰ ਵਾਸੀ ਗਾਂਧੀ ਨਗਰ, ਗਲੀ ਨੰਬਰ 4 ਮੁਕਤਸਰ, ਪੰਜਾਬ 152026	ਗੈਰ-ਖੇਤੀਬਾੜੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਮਾਪ 2 ਮਰਲੇ 6 ਸਰਸਾਈ 8/2349 39 ਕਨਾਲ 3 ਮਰਲੇ ਵਿੱਚੋਂ ਹਿੱਸਾ ਖੇਵਟ ਨੰਬਰ 1240 ਖਤੌਨੀ ਨੰਬਰ 1725,1726 ਖਸਰਾ ਨੰਬਰ 3679 (39-3) ਸਾਲ 2010-2011 ਲਈ ਜਮ੍ਹਾਂਬੰਦੀ ਵਿੱਚ ਸੜਕ ਨੰਬਰ 3 ਗਾਂਧੀ ਨਗਰ, ਬੂੜਾ ਗੁੱਜਰ ਰੋਡ ਸ੍ਰੀ ਮੁਕਤਸਰ ਸਾਹਿਬ ਵਿਖੇ ਸਥਿਤ ਜਾਇਦਾਦ। ਸਾਰੇ ਮੌਜੂਦਾ ਅਤੇ ਭਵਿੱਖ ਦੇ ਸੁਪਰ ਸਟ੍ਰਕਚਰ ਦੇ ਨਾਲ। ਉੱਤਰ ਵੱਲ: ਪ੍ਰੀਤਮ ਸਿੰਘ ਵਾਲਾ ਪਾਸਾ 15 ਫੁੱਟ, ਦੱਖਣ ਵੱਲ: ਗਲੀ ਵਾਲਾ ਪਾਸਾ 15 ਫੁੱਟ, ਪੂਰਬ ਵੱਲ: ਹਰਦੀਪ ਸਿੰਘ ਵਾਲਾ ਪਾਸਾ 48 ਫੁੱਟ, ਪੱਛਮ ਵੱਲ: ਅਵਤਾਰ ਸਿੰਘ ਵਾਲਾ ਪਾਸਾ 48 ਫੁੱਟ।	31-03-2022 ਅਤੇ 5,18,738 ਰੁਪਏ (ਪੰਜ ਲੱਖ ਅਠਾਰਾਂ ਹਜ਼ਾਰ ਸੱਤ ਸੌ ਅਠੱਤੀ ਸਿਰਫ਼) ਕਰਜ਼ ਖਾਤਾ ਨੰਬਰ SEMKTSR233988 ਦੇ ਸਬੰਧ ਵਿੱਚ ਹੋਰ ਵਿਆਜ ਅਤੇ ਹੋਰ ਇਕਰਾਰਨਾਮੇ ਦੇ ਖਰਚਿਆਂ ਅਤੇ ਜੁਰਮਾਨਿਆਂ ਸਮੇਤ ਪੂਰੀ ਅਦਾਇਗੀ ਦੀ ਮਿਤੀ ਤੱਕ।	02-04-2026 (ਭੌਤਿਕ)

ਇਸ ਨੋਟਿਸ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਕਿਸੇ ਵੀ ਕੰਮਕਾਜੀ ਦਿਨ ਨੂੰ ਤੁਰੰਤ ਸੁਰੱਖਿਅਤ ਜਾਇਦਾਦ ਰਿਲੀਜ਼ ਵਿੱਚ ਰੱਖੀਆਂ ਗਈਆਂ ਵੀਡੀਓਗ੍ਰਾਫੀ ਆਈਟਮਾਂ ਦੇ ਅਨੁਸਾਰ ਵਸਤੂ ਸੂਚੀ ਜਾਰੀ ਕਰਨ ਲਈ, ਕਾਨੂੰਨ ਦੀ ਉਚਿਤ ਪ੍ਰਕਿਰਿਆ ਅਪਣਾਉਂਦੇ ਹੋਏ, ਅਜਿਹਾ ਨਾ ਕਰਨ 'ਤੇ ਬੈਂਕ ਸਰਫਾਇਸੀ ਐਕਟ ਦੇ ਤਹਿਤ ਜਾਇਦਾਦ ਦੀ ਵਿਕਰੀ ਲਈ ਅੱਗੇ ਵਧੇਗਾ। ਇਸ ਅਨੁਸਾਰ, ਕਿਸੇ ਵੀ ਕੰਮਕਾਜੀ ਦਿਨ 'ਤੇ ਤੁਰੰਤ ਘਰ ਰੱਖਣ ਵਾਲੀ ਵਸਤੂ ਸੂਚੀ ਜਾਰੀ ਕਰੋ। ਕਿਰਪਾ ਕਰਕੇ ਇਸਨੂੰ ਅੰਤਿਮ ਨੋਟਿਸ ਮੰਨੋ ਅਤੇ ਇਸ ਸਬੰਧ ਵਿੱਚ ਕੋਈ ਹੋਰ ਨੋਟਿਸ ਜਾਰੀ ਨਹੀਂ ਕੀਤਾ ਜਾਵੇਗਾ। ਉੱਪਰ ਦੱਸੇ ਅਨੁਸਾਰ ਵਸਤੂ ਸੂਚੀ ਨੂੰ ਸਾਫ਼ ਕਰਨ ਵਿੱਚ ਅਸਫਲ ਰਹਿਣ 'ਤੇ, ਬੈਂਕ ਮੰਨਦਾ ਹੈ ਕਿ ਤੁਸੀਂ ਸਾਰੇ ਵਸਤੂ ਸੂਚੀ ਨੂੰ ਸਾਫ਼ ਕਰਨ ਵਿੱਚ ਦਿਲਚਸਪੀ ਨਹੀਂ ਰੱਖਦੇ ਹੋ ਜਾਂ ਵਸਤੂ ਸੂਚੀ ਵਿੱਚ ਕੋਈ ਕੀਮਤੀ ਸਮਾਨ ਨਹੀਂ ਹੈ ਅਤੇ ਇਸ ਲਈ ਤੁਸੀਂ ਸਾਰਿਆਂ ਨੇ ਬੈਂਕ ਨੂੰ ਜਾਇਦਾਦ ਨੂੰ ਉਸੇ ਥਾਂ 'ਤੇ ਨਿਪਟਾਉਣ ਦੇ ਆਪਣੇ ਅਧਿਕਾਰ ਛੱਡ ਦਿੱਤੇ ਹਨ, ਜਿਸ ਵਿੱਚ ਵਸਤੂ ਸੂਚੀ ਦੇ ਨਾਲ-ਨਾਲ ਵੀਡੀਓਗ੍ਰਾਫੀ ਵਿੱਚ ਦਿਖਾਈ ਗਈ ਵਸਤੂ ਵੀ ਸ਼ਾਮਲ ਹੈ ਅਤੇ ਤੁਹਾਡੇ ਸਾਰਿਆਂ ਨੂੰ ਕਿਸੇ ਵੀ ਕਾਰਨ ਕਰਕੇ ਵਸਤੂ ਸੂਚੀ 'ਤੇ ਕੋਈ ਇਤਰਾਜ਼ ਜਾਂ ਭਵਿੱਖ ਦਾ ਦਾਅਵਾ ਨਹੀਂ ਹੋਵੇਗਾ।
ਮਿਤੀ 07-04-2026, ਸਥਾਨ - ਪੰਜਾਬ — ਅਧਿਕਾਰਤ ਅਧਿਕਾਰੀ, ਇਕੁਇਟਾਸ ਸਮਾਲ ਫਾਈਨੈਂਸ ਬੈਂਕ ਲਿਮਟਿਡ

Chola Enter a better life — ਚੋਲਾਮੰਡਲਮ ਇਨਵੈਸਟਮੈਂਟ ਅਤੇ ਫਾਇਨਾਂਸ ਕੰਪਨੀ ਲਿਮਟਿਡ
ਕਾਰਪੋਰੇਟ ਦਫ਼ਤਰ : ਚੋਲਾ ਕ੍ਰੈਸਟ, ਸੁਪਰ ਬੀ ਸੀ54 ਅਤੇ ਸੀ55, 4 ਥੀਰੂ ਵੀ ਕਾ ਇੰਡਸਟ੍ਰੀਅਲ ਅਸਟੇਟ, ਗੁੰਡੇ, ਚੇਨਈ-600 032, ਤਾਮਿਲਨਾਡੂ

ਮੰਗ ਸੂਚਨਾ
ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ("ਐਕਟ") ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ("ਨਿਯਮ") ਦੇ ਉਪਬੰਧਾਂ ਦੇ ਤਹਿਤ

ਅਧੀਨ ਹਸਤਾਖਰ ਕਰਨ ਵਾਲੇ ਨੇ ਚੋਲਾਮੰਡਲਮ ਇਨਵੈਸਟਮੈਂਟ ਐਂਡ ਫਾਈਨੈਂਸ ਕੰਪਨੀ ਲਿਮਟਿਡ (ਸੁਰੱਖਿਅਤ ਲੈਣਦਾਰ) ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਐਕਟ ਦੇ ਅਧੀਨ ਅਤੇ ਨਿਯਮ 3 ਦੇ ਨਾਲ ਪੜ੍ਹੇ ਗਏ ਐਕਟ ਦੀ ਧਾਰਾ 13(12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਐਕਟ ਦੀ ਧਾਰਾ 13(2) ਦੇ ਤਹਿਤ ਡਿਮਾਂਡ ਨੋਟਿਸ(ਨਾਂ) ਜਾਰੀ ਕੀਤੇ, ਜਿਸ ਵਿੱਚ ਹੇਠ ਲਿਖੇ ਕਰਜ਼ਦਾਰ(ਨਾਂ) ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਨੋਟਿਸ(ਾਂ) ਵਿੱਚ ਦੱਸੀ ਗਈ ਰਕਮ ਦਾ ਭੁਗਤਾਨ ਕਰਨ ਲਈ ਕਿਹਾ ਗਿਆ। ਹੇਠ ਹਸਤਾਖਰ ਕਰਨ ਵਾਲਾ ਵਾਜਬ ਤੌਰ 'ਤੇ ਮੰਨਦਾ ਹੈ ਕਿ ਕਰਜ਼ਦਾਰ(ਾਂ) ਮੰਗ ਸੂਚਨਾ (ਵਾਂ) ਦੀ ਸੇਵਾ ਤੋਂ ਬਚ ਰਹੇ ਹਨ/ਰਹੇ ਹਨ, ਇਸ ਲਈ ਨੋਟਿਸ ਦੀ ਸੇਵਾ ਨਿਯਮਾਂ ਅਨੁਸਾਰ ਲਗਾਉਣ ਅਤੇ ਪ੍ਰਕਾਸ਼ਨ ਦੁਆਰਾ ਪ੍ਰਭਾਵਿਤ ਹੋ ਰਹੀ ਹੈ। ਮੰਗ ਸੂਚਨਾ (ਵਾਂ) ਦੀ ਸਮੱਗਰੀ ਇੱਥੇ ਹੇਠਾਂ ਦਿੱਤੀ ਗਈ ਹੈ:-

ਲ. ਨੰ.	ਕਰਜ਼ਦਾਰ/ਾਂ ਅਤੇ ਸਹਿ-ਕਰਜ਼ਦਾਰ/ਾਂ ਦੇ ਨਾਮ ਅਤੇ ਪਤਾ	ਕਰਜ਼ ਰਕਮ	ਮੰਗ ਸੂਚਨਾ ਦੀ ਮਿਤੀ ਅਤੇ ਬਕਾਇਆ ਰਕਮ	ਸੰਪੱਤੀ/ਸੁਰੱਖਿਅਤ ਅਸਾਸਿਆਂ ਦੇ ਵੇਰਵੇ
1.	ਲੋਨ ਖਾਤਾ ਨੰਬਰ (ਾਂ) : HL30JAL000122604 1. ਸ਼੍ਰੀਮਾਨ/ਸ਼੍ਰੀਮਤੀ ਜਤਿੰਦਰ ਕੁਮਾਰ 2. ਸ਼੍ਰੀਮਾਨ/ਸ਼੍ਰੀਮਤੀ ਮਧੂ ਬਾਲਾ ਪਤਾ- ਮਕਾਨ ਨੰਬਰ 307, ਮੁਹੱਲਾ ਅਰਫਵਾਲਾ, ਕਪੂਰਥਲਾ, ਪੁਨ ਅਬ 144601, ਗੁਰੂਦੁਆਰਾ, ਕਪੂਰਥਲਾ, ਪੰਜਾਬ 144601। ਹੋਰ ਪਤਾ : 2-XXXV-20/a, ਮੁਹੱਲਾ ਰਾਕਾ, ਵਾਰਡ ਨੰ 14, ਰਾਏਕਾ ਮੁਹੱਲਾ, ਬੁੱਕਰ ਖਾਨਾ ਨੇੜੇ, ਜਿਲਾ। ਕਪੂਰਥਲਾ 144602, ਕਪੂਰਥਲਾ, ਕਪੂਰਥਲਾ, ਕਪੂਰਥਲਾ, ਕਪੂਰਥਲਾ, ਪੰਜਾਬ - 144602.	Rs. 17,30,000/-	ਰੁ.31.03.2026 ਰੁ.20,19,959/-(ਰੁਪਏ ਵੀਹ ਲੱਖ ਉਨੀ ਹਜ਼ਾਰ ਨੌ ਸੌ ਉਣਾਹਠ ਕੇਵਲ) 31.03.2026 ਨੂੰ	ਮੁਹੱਲਾ ਰਕੀਆ ਕਪੂਰਥਲਾ ਵਿੱਚ ਸਥਿਤ 4 ਮਰਲੇ ਦੀ ਮਾਪ ਵਾਲੀ ਸੰਪੱਤੀ ਨੰ. ਬੀ-35-20/ਏ ਦੀ ਸੰਪੱਤੀ/ਮਕਾਨ (ਸਾਰੇ ਭਾਗ ਅਤੇ ਹਿੱਸੇ) ਅਤੇ ਹੱਦਾਂ : ਪੂਰਬ: ਗੁਰਦੁਆਰਾ ਸਾਹਿਬ, ਪੱਛਮ: ਰਸਤਾ, ਉੱਤਰ: ਰਸਤਾ, ਦੱਖਣ: ਹੋਰ ਮਾਲਕ

ਕਰਜ਼ਦਾਰਾਂ ਨੂੰ ਇਸ ਦੁਆਰਾ ਮੰਗ ਸੂਚਨਾਵਾਂ ਦੀ ਪਾਲਣਾ ਕਰਨ ਅਤੇ ਇਸ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਲਾਗੂ ਵਿਆਜ, ਵਾਧੂ ਵਿਆਜ, ਬਾਊਂਸ ਚਾਰਜ, ਲਾਗਤ ਅਤੇ ਖਰਚਿਆਂ ਸਮੇਤ ਭੁਗਤਾਨ ਦੀ ਪ੍ਰਾਪਤੀ ਦੀ ਮਿਤੀ ਤੱਕ ਭੁਗਤਾਨ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਕਰਜ਼ਦਾਰ ਇਹ ਨੋਟ ਕਰ ਸਕਦਾ ਹੈ ਕਿ ਚੋਲਾਮੰਡਲਮ ਇਨਵੈਸਟਮੈਂਟ ਐਂਡ ਫਾਈਨੈਂਸ ਕੰਪਨੀ ਲਿਮਟਿਡ ਇੱਕ ਸੁਰੱਖਿਅਤ ਲੈਣਦਾਰ ਹੈ ਅਤੇ ਕਰਜ਼ਦਾਰ ਦੁਆਰਾ ਪ੍ਰਾਪਤ ਕੀਤੀ ਗਈ ਕਰਜ਼ਾ ਸਹੂਲਤ ਅਚੱਲ ਜਾਇਦਾਦ/ਜਾਇਦਾਦਾਂ ਦੇ ਵਿਰੁੱਧ ਇੱਕ ਸੁਰੱਖਿਅਤ ਕਰਜ਼ਾ ਹੈ ਜੋ ਕਰਜ਼ਾ ਲੈਣ ਵਾਲੇ ਦੁਆਰਾ ਗਿਰਵੀ ਰੱਖੀ ਗਈ ਸੁਰੱਖਿਅਤ ਸੰਪਤੀ ਹੈ। ਜੇਕਰ ਕਰਜ਼ਾ ਲੈਣ ਵਾਲਾ ਨਿਰਧਾਰਤ ਸਮੇਂ ਦੇ ਅੰਦਰ ਆਪਣੀਆਂ ਦੇਣਦਾਰੀਆਂ ਨੂੰ ਪੂਰੀ ਤਰ੍ਹਾਂ ਨਿਭਾਉਣ ਵਿੱਚ ਅਸਫਲ ਰਹਿੰਦਾ ਹੈ, ਤਾਂ ਸੁਰੱਖਿਅਤ ਲੈਣਦਾਰ ਸਾਰੇ ਅਧਿਕਾਰਾਂ ਦੀ ਵਰਤੋਂ ਕਰਨ ਦਾ ਹੱਕਦਾਰ ਹੋਵੇਗਾ। ਐਕਟ ਦੇ 13(4) ਅਧੀਨ ਸੁਰੱਖਿਅਤ (ਾਂ) ਦਾ ਕਬਜ਼ਾ ਲੈਣਾ, ਜਿਸ ਵਿੱਚ ਵਿਕਰੀ ਦੁਆਰਾ ਜਾਂ ਐਕਟ ਅਤੇ ਇਸਦੇ ਨਿਯਮਾਂ ਅਧੀਨ ਉਪਲਬਧ ਕਿਸੇ ਹੋਰ ਉਪਾਅ ਦੀ ਵਰਤੋਂ ਕਰਕੇ ਟਰਾਂਸਫਰ ਕਰਨਾ ਸ਼ਾਮਲ ਹੈ ਪਰ ਸੀਮਿਤ ਨਹੀਂ ਹੈ। ਸੁਰੱਖਿਅਤ ਕਰਜ਼ਦਾਰ ਨੂੰ ਵਿਕਰੀ ਜਾਂ ਟਰਾਂਸਫਰ ਦੇ ਅਧਿਕਾਰ ਨੂੰ ਲਾਗੂ ਕਰਨ ਤੋਂ ਪਹਿਲਾਂ ਸੁਰੱਖਿਅਤ ਸੰਪੱਤੀ (ਾਂ) ਨੂੰ ਜੋੜਨ ਅਤੇ/ਜਾਂ ਸੀਲ ਕਰਨ ਦਾ ਵੀ ਅਧਿਕਾਰ ਹੈ। ਸੁਰੱਖਿਅਤ ਸੰਪੱਤੀ (ਾਂ) ਦੀ ਵਿਕਰੀ ਤੋਂ ਬਾਅਦ, ਸੁਰੱਖਿਅਤ ਲੈਣਦਾਰ ਨੂੰ ਬਕਾਇਆ ਬਕਾਇਆ ਵਸੂਲੀ ਲਈ ਵੱਖਰੀ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਦਾ ਵੀ ਅਧਿਕਾਰ ਹੈ, ਜੇਕਰ ਗਿਰਵੀਨਾਮੇ ਵਾਲੀਆਂ ਜਾਇਦਾਦਾਂ ਦਾ ਮੁੱਲ ਸੁਰੱਖਿਅਤ ਲੈਣਦਾਰ ਨੂੰ ਭੁਗਤਾਨ ਯੋਗ ਬਕਾਏ ਨੂੰ ਕਵਰ ਕਰਨ ਲਈ ਨਾਕਾਫ਼ੀ ਹੈ। ਇਹ ਉਪਾਅ ਕਿਸੇ ਵੀ ਹੋਰ ਕਾਨੂੰਨ ਅਧੀਨ ਸੁਰੱਖਿਅਤ ਲੈਣਦਾਰ ਨੂੰ ਉਪਲਬਧ ਹੋਰ ਸਾਰੇ ਉਪਾਵਾਂ ਤੋਂ ਇਲਾਵਾ ਅਤੇ ਸੁਤੰਤਰ ਹੈ। ਕਰਜ਼ਦਾਰ (ਆਂ) ਦਾ ਧਿਆਨ ਐਕਟ ਦੀ ਧਾਰਾ 13(8) ਵੱਲ ਖਿੱਚਿਆ ਜਾਂਦਾ ਹੈ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ ਅਤੇ ਐਕਟ ਦੀ ਧਾਰਾ 13(13) ਵੱਲ, ਜਿਸਦੇ ਤਹਿਤ ਕਰਜ਼ਦਾਰ (ਾਂ) ਨੂੰ ਸੁਰੱਖਿਅਤ ਸੰਪਤੀ (ਾਂ) ਦਾ ਨਿਪਟਾਰਾ ਕਰਨ ਜਾਂ ਉਨ੍ਹਾਂ ਨਾਲ ਨਜਿੱਠਣ ਜਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ (ਕਾਰੋਬਾਰ ਦੇ ਆਮ ਕੋਰਸ ਤੋਂ ਇਲਾਵਾ) ਟਰਾਂਸਫਰ ਕਰਨ ਤੋਂ ਰੋਕਿਆ / ਮਨਾਹੀ ਹੈ, ਸੁਰੱਖਿਅਤ ਲੈਣਦਾਰ ਦੀ ਪਹਿਲਾਂ ਲਿਖਤੀ ਸਹਿਮਤੀ ਤੋਂ ਬਿਨਾਂ ਅਤੇ ਉਪਰੋਕਤ ਦੀ ਪਾਲਣਾ ਨਾ ਕਰਨਾ ਉਕਤ ਐਕਟ ਦੀ ਧਾਰਾ 29 ਦੇ ਤਹਿਤ ਸਜ਼ਾਯੋਗ ਅਪਰਾਧ ਹੈ। ਡਿਮਾਂਡ ਨੋਟਿਸ ਦੀ ਕਾਪੀ ਹੇਠਾਂ ਹਸਤਾਖਰ ਕਰਨ ਵਾਲੇ ਕੋਲ ਉਪਲਬਧ ਹੈ ਅਤੇ ਉਧਾਰ ਲੈਣ ਵਾਲਾ (ਾਂ), ਜੇਕਰ ਉਹ ਚਾਹੁਣ, ਤਾਂ ਆਮ ਦਫਤਰੀ ਘੰਟਿਆਂ ਦੌਰਾਨ ਕਿਸੇ ਵੀ ਕੰਮਕਾਜੀ ਦਿਨ ਹੇਠਾਂ ਹਸਤਾਖਰ ਕਰਨ ਵਾਲੇ ਤੋਂ ਇਸਨੂੰ ਪ੍ਰਾਪਤ ਕਰ ਸਕਦੇ ਹਨ।
ਸਥਾਨ: ਕਪੂਰਥਲਾ, ਪੰਜਾਬ — ਸਹੀ/-
ਮਿਤੀ: 31.03.2026 — ਅਧਿਕਾਰਤ ਅਧਿਕਾਰੀ
ਚੋਲਾਮੰਡਲਮ ਇਨਵੈਸਟਮੈਂਟ ਐਂਡ ਫਾਈਨੈਂਸ ਕੰਪਨੀ ਲਿਮਟਿਡ ਲਈ

ਬੈਂਕ ਆਫ ਬੜੌਦਾ Bank of Baroda
ਖੇਤਰੀ ਸਟ੍ਰੈਸਡ ਅਸੈਟ, ਰਿਕਵਰੀ ਸ਼ਾਖਾ, ਲੁਧਿਆਣਾ
ਤੀਜੀ ਮੰਜ਼ਿਲ, ਸੰਧੂ ਟਾਵਰਜ਼, ਗੁਰਦੇਵ ਨਗਰ, ਲੁਧਿਆਣਾ-141001,
ਫੋਨ : 91155-21745
Email: sarlud@bankofbaroda.com
Website: www.bankofbaroda.bank.in

{ਨਿਯਮ 8 (1)} ਕਬਜ਼ਾ ਸੂਚਨਾ (ਅਚੱਲ/ਚਲ ਸੰਪੱਤੀ ਦੇ ਲਈ)
ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਬੈਂਕ ਆਫ ਬੜੌਦਾ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਅਧਿਆਦੇਸ਼ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (2) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰਾਂ ਨੂੰ ਸੱਦਾ ਦੇਣ ਉਪਰੰਤ ਇਥੇ ਦਰਸਾਈ ਅਤੇ ਖਾਤੇ ਅਧੀਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੀ ਸੈਕਸ਼ਨ 13 ਦੀ ਉਪ ਧਾਰਾ (4) ਕਾਨੂੰਨ ਦੀ ਧਾਰਾ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਭੌਤਿਕ ਕਬਜ਼ਾ** ਲੈ ਲਿਆ ਹੈ।
ਸਬੰਧਤ ਧਿਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਵਿਆਜ ਦੇ ਲਈ **ਬੈਂਕ ਆਫ ਬੜੌਦਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।

ਸ਼ਾਖਾ ਦਾ ਨਾਮ ਖਾਤਾ/ਕਰਜ਼ਦਾਰ/ਮਾਲਕ/ ਜ਼ਾਮਨ (ਾਂ)/ਗਿਰਵੀਕਾਰ (ਾਂ)	ਅਚੱਲ ਸੰਪੱਤੀਆਂ ਦੇ ਵੇਰਵੇ	ਮੰਗ ਸੂਚਨਾ ਦੀ ਮਿਤੀ	ਸੰਕੇਤਕ ਕਬਜ਼ੇ ਦੀ ਮਿਤੀ	ਮੰਗ ਸੂਚਨਾ ਅਨੁਸਾਰ ਰਕਮ
ਕਰਜ਼ਦਾਰਾਂ: 1. ਸ਼੍ਰੀ ਰਾਹੁਲ ਸੂਰੀ (ਹੁਣ ਮ੍ਰਿਤਕ) ਸਪੁੱਤਰ ਗੁਰਚਰਨ ਸਿੰਘ ਰਾਹੀਂ ਇਸਦੇ ਕਾਨੂੰਨੀ ਵਾਰਸਾਂ ਰਾਹੀਂ ੳ) ਸ਼੍ਰੀਮਤੀ ਆਰਤੀ ਸੂਰੀ ਪਤਨੀ ਰਾਹੁਲ ਸੂਰੀ, ਅ) ਦਿਵਿਆ ਸੂਰੀ ਸਪੁੱਤਰੀ ਰਾਹੁਲ ਸੂਰੀ (ਸਪੁੱਤਰੀ) ਰਾਹੀਂ ਕਾਨੂੰਨੀ ਸਰਪ੍ਰਸਤ ਸ਼੍ਰੀਮਤੀ ਆਰਤੀ ਸੂਰੀ, ੲ) ਦਾਨਿਸ਼ ਸੂਰੀ ਸਪੁੱਤਰ ਰਾਹੁਲ ਸੂਰੀ (ਪੁੱਤਰ) ਰਾਹੀਂ ਕਾਨੂੰਨੀ ਸਰਪ੍ਰਸਤ ਸ਼੍ਰੀਮਤੀ ਆਰਤੀ ਸੂਰੀ 2. ਮੈਸਰਜ਼ ਆਰ.ਐਸ. ਟਰੇਡਰਜ਼ ਅਤੇ ਐਮ.ਐਫ.ਆਰ.ਐਸ. ਰਾਹੀਂ ਇਸਦੇ ਪ੍ਰੋਪ. ਸ਼੍ਰੀ ਰਾਹੁਲ ਸੂਰੀ (ਹੁਣ ਮ੍ਰਿਤਕ) ਪੁੱਤਰ ਸ੍ਰੀ ਗੁਰਚਰਨ ਸਿੰਘ ਇਸਦੇ ਕਾਨੂੰਨੀ ਵਾਰਸਾਂ ਰਾਹੀਂ ੳ) ਸ਼੍ਰੀਮਤੀ ਆਰਤੀ ਸੂਰੀ ਪਤਨੀ ਰਾਹੁਲ ਸੂਰੀ, ਅ) ਦਿਵਿਆ ਸੂਰੀ ਸਪੁੱਤਰੀ ਰਾਹੁਲ ਸੂਰੀ (ਸਪੁੱਤਰੀ) ਰਾਹੀਂ	ਜ਼ਮੀਨ ਅਤੇ ਇਮਾਰਤ ਦਾ ਬਰਾਬਰ ਗਿਰਵੀਨਾਮਾ - 400 ਵਰਗ ਗਜ਼ (75+225+100=400 ਵਰਗ ਗਜ਼) ਵਾਲਾ ਘਰ, ਜਿਸ ਵਿੱਚ ਐਮ.ਸੀ. ਨੰਬਰ ਬੀ-XXIV-3280, ਮਾਪ (75+225=300 ਵਰਗ ਗਜ਼) ਅਤੇ ਐਮ.ਸੀ. ਨੰਬਰ ਬੀ-XXIV-3280/1,(100 ਵਰਗ ਗਜ਼) ਵਾਲਾ ਘਰ, ਜੋ ਕਿ ਸਾਲ 2007-08 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 214, 216, ਖਾਤਾ ਨੰਬਰ 1972/2147, 1974/2149 ਵਿੱਚ ਸ਼ਾਮਲ ਹੈ, ਪਿੰਡ ਤਰਫ਼ ਸੈਦਾਨ, ਹਦਬਸਤ ਨੰਬਰ 'ਤੇ ਸਥਿਤ ਹੈ। 172, ਮਹਾਂਵੀਰ ਜੈਨ ਕਲੋਨੀ ਵਜੋਂ ਜਾਣੀ ਜਾਂਦੀ ਆਬਾਦੀ, ਗਲੀ ਨੰਬਰ 3, ਸੁੰਦਰ ਨਗਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਰਾਜ/ਖੇਤਰ ਪੰਜਾਬ, ਦੇਸ਼ ਭਾਰਤ, ਪਿੰਨ ਕੋਡ 141008, ਸ਼੍ਰੀ ਰਾਹੁਲ ਸੂਰੀ ਨਾਲ ਸਬੰਧਤ ਵਸਿਕਾ ਨੰਬਰ 2023-24/106/1/2375 ਮਿਤੀ 03.05.2023 ਦੇ ਵਿਕਰੀ ਡੀਡ ਦੇ ਅਨੁਸਾਰ। ਸੀਮਾ ਵੇਰਵਾ 1. ਪੂਰਬ: ਪਲਾਟ ਨੰਬਰ 65-66 (60'-00"), 2. ਪੱਛਮ: ਗਲੀ 20' ਚੌੜੀ (60'-00"), 3. ਉੱਤਰ: ਸੜਕ (60'-00"), 4. ਦੱਖਣ: ਪਲਾਟ ਨੰਬਰ 64 (60'-00")	12.01.2026	06.04.2026	ਰੁ.89,53,603.49/- (ਰੁਪਏ ਉਨਾਨਵੇਂ ਲੱਖ ਤਰਵੰਜਾ ਹਜ਼ਾਰ ਛੇ ਸੌ ਤਿੰਨ ਅਤੇ ਉਣੰਜਾ ਪੈਸੇ ਕੇਵਲ) 08.01.204 ਨੂੰ ਅਤੇ 09.10.2023 ਤੋਂ ਇਸ 'ਤੇ ਵਿਆਜ।

ਕਾਨੂੰਨੀ ਸਰਪ੍ਰਸਤ ਸ਼੍ਰੀਮਤੀ ਆਰਤੀ ਸੂਰੀ, ੲ) ਦਾਨਿਸ਼ ਸੂਰੀ ਸਪੁੱਤਰ ਰਾਹੁਲ ਸੂਰੀ (ਪੁੱਤਰ) ਰਾਹੀਂ ਕਾਨੂੰਨੀ ਸਰਪ੍ਰਸਤ ਸ਼੍ਰੀਮਤੀ ਆਰਤੀ ਸੂਰੀ, ਪਤਾ : ਵਾਸੀ ਮਕਾਨ ਨੰਬਰ ਬੀ-6-174 ਗਲੀ ਨੰਬਰ 2 ਡਾਕਘਰ ਵਾਲੀ ਗਲੀ ਨਿਊ ਮਾਧੋਪੁਰੀ ਲੁਧਿਆਣਾ 141008 ਅਤੇ ਅ. ਵਾਸੀ ਮਕਾਨ ਨੰ. ਐਮ.ਸੀ 3280 ਅਤੇ 3280/1 ਗਲੀ ਨੰ. 3 ਮਹਾਂਵੀਰ ਜੈਨ ਕਲੋਨੀ ਲੁਧਿਆਣਾ 141107
ਮਿਤੀ : 06.04.2026 — ਸਥਾਨ : ਲੁਧਿਆਣਾ — ਅਧਿਕਾਰਤ ਅਧਿਕਾਰੀ

ਬੈਂਕ ਆਫ ਬੜੌਦਾ Bank of Baroda
ਆਰਓ ਲੁਧਿਆਣਾ, ਪਤਾ : ਬੀ 20-3369, ਤੀਜੀ ਮੰਜ਼ਿਲ, ਸੰਧੂ ਟਾਵਰ 2, ਗੁਰਦੇਵ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ (141001)
Contact No. 0161-5127233, Email ID: sarlud@bankofbaroda.bank.in
ਈ-ਨਿਲਾਮੀ ਵਿਕਰੀ ਸੂਚਨਾ

ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਵਿਕਰੀ ਸੂਚਨਾ
"ਅੰਤਿਕਾ-4-ਏ [ਨਿਯਮ 6 (2) ਅਤੇ 8 (6) ਦੀ ਵਿਵਸਥਾ ਦੇਖੋ]
ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2) ਅਤੇ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।
ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾਂ), ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਕਬਜ਼ਾ ਬੈਂਕ ਆਫ ਬੜੌਦਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਖਾਤੇ/ਖਾਤਿਆਂ ਵਿਚ ਦਰਸਾਏ ਬਕਾਇਆਂ ਦੀ ਵਸੂਲੀ ਦੇ ਲਈ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ, ਜੋ ਹੈ" ਅਤੇ "ਜੋ ਵੀ ਉਥੇ ਹੈ" ਆਧਾਰ 'ਤੇ ਕੀਤੀ ਜਾਵੇਗੀ। ਕਰਜ਼ਦਾਰ (ਾਂ)/ਗਿਰਵੀਕਾਰ (ਾਂ)/ਜ਼ਾਮਨ(ਾਂ)/ਸੁਰੱਖਿਅਤ ਸੰਪੱਤੀ/ਬਕਾਏ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਅਤੇ ਸਮਾਂ, ਬਿਆਨਾ ਰਕਮ ਅਤੇ ਬੋਲੀ ਵਾਧਾ ਰਕਮ ਦੇ ਵੇਰਵੇ ਨਿਮਨ ਦਰਸਾਏ ਹਨ :-

ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ : 28.04.2026 ਨੂੰ ਸ਼ਾਮ 05.00 ਵਜੇ ਤੱਕ | ਈ-ਨਿਲਾਮੀ ਦੇ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ 29.04.2026 ਨੂੰ ਬਾ. ਦੁ. 02.00 ਵਜੇ ਤੋਂ ਸ਼ਾਮ 06.00 ਵਜੇ ਤੱਕ | ਈਐਮਡੀ ਦੇ ਭੁਗਤਾਨ ਦੀ ਵਿਧੀ ਆਰਟੀਜੀਐਸ/ਐਨਈਐਫਟੀ

ਲ. ਨੰ.	ਕਰਜ਼ਦਾਰ (ਾਂ), ਜ਼ਾਮਨ (ਾਂ) ਅਤੇ ਗਿਰਵੀਕਾਰ(ਾਂ) ਦਾ ਨਾਮ ਅਤੇ ਪਤਾ	ਗੈਰ ਜਾਣੂੰ ਦੇਣਦਾਰੀਆਂ, ਜੇਕਰ ਕੋਈ ਹਨ, ਸਮੇਤ ਅਚੱਲ ਸੰਪੱਤੀ ਦੇ ਵਿਸਥਾਰਤ ਵੇਰਵੇ	ਕੁੱਲ ਬਕਾਏ, ਵਿਆਜ ਅਤੇ ਹੋਰ ਫੀਸਾਂ ਤੋਂ ਬਿਨਾਂ / ਸਰਫਾਇਸੀ ਦੇ ਅਧੀਨ ਕਬਜ਼ੇ ਦੀ ਸਥਿਤੀ	ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ	ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ	ਸ਼ਾਖਾ ਪ੍ਰਬੰਧਕ ਅਤੇ ਅਧਿਕਾਰਤ ਅਧਿਕਾਰੀ
01.	ਆਰਓ-ਐਸਏਆਰਬੀ, ਲੁਧਿਆਣਾ. 1. ਮੈਸ. ਮਾਧਵ ਇੰਟਰਨੈਸ਼ਨਲ (ਪ੍ਰੋਪ.) ਸ਼੍ਰੀਮਤੀ ਕਵਿਤਾ ਗੁਪਤਾ ਪਤਾ : ਐਫ-30, ਮਾਧਵ ਇੰਟਰਨੈਸ਼ਨਲ, ਫੋਕਲ ਪੁਆਇੰਟ, ਨੇੜੇ ਕਿਊਟ ਪ੍ਰੋਡਕਟਸ, ਇੰਡੀਆ ਫੋਕਲ ਪੁਆਇੰਟ ਲੁਧਿਆਣਾ, ਪੰਜਾਬ- 141014, 2. ਸ਼੍ਰੀਮਤੀ ਕਵਿਤਾ ਗੁਪਤਾ, ਮਕਾਨ ਨੰ. 52, ਮਹਾਵੀਰ ਨਗਰ, ਐਮਬੀਡੀ ਮਾਲ ਦੇ ਪਿੱਛੇ, ਫਿਰੋਜ਼ਪੁਰ ਰੋਡ, ਲੁਧਿਆਣਾ, 3. ਸ਼੍ਰੀ ਮੁਕੇਸ਼ ਗੁਪਤਾ ਪੁੱਤਰ ਸ਼੍ਰੀ ਰਾਮ ਸਰੂਪ (ਜ਼ਾਮਨ), ਮਕਾਨ ਨੰ. 52, ਮਹਾਵੀਰ ਨਗਰ, ਐਮਬੀਡੀ ਮਾਲ ਦੇ ਪਿੱਛੇ, ਫਿਰੋਜ਼ਪੁਰ ਰੋਡ, ਲੁਧਿਆਣਾ।	ਵਸੀਕਾ ਨੰ. 4266 ਦੇ ਅਧੀਨ ਵਿਕਰੀ ਮਿਤੀ 18.05.2006 ਦੇ ਅਨੁਸਾਰ ਸਾਲ 2011-2012 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 725/57/1, 725/58, 727/58/1, ਖਾਤਾ ਨੰ. 1170/1542, 1183/1555 ਵਿਚ ਸ਼ਾਮਲ ਪਿੰਡ ਬਾੜੇਵਾਲ ਅਵਾਨਾ, ਹੱਦਬਸਤ ਨੰ. 157, ਇਲਾਕਾ ਮੇਹਰ ਸਿੰਘ ਕਲੋਨੀ ਵਜੋਂ ਜਾਣੂੰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਸ਼੍ਰੀਮਤੀ ਕਵਿਤਾ ਗੁਪਤਾ ਸੁਪਤਨੀ ਮੁਕੇਸ਼ ਗੁਪਤਾ ਦੇ ਨਾਮ 'ਤੇ 250 ਵਰਗ ਗਜ਼ ਮਾਪ ਵਾਲੀ ਰਿਹਾਇਸ਼ੀ ਸੰਪੱਤੀ।	Rs. 1,25,16,000/- / ਸੰਕੇਤਕ	Rs. 36,10,000/- / Rs. 3,61,000/- / Rs. 10,000/-	15.04.2026 ਅਗਾਊਂ ਪ੍ਰਵਾਨਗੀ ਲੈਣ ਦੁਆਰਾ	ਸ਼੍ਰੀ ਅਜੇ ਵੀ ਨੰਦੂਰਕਰ 91155 - 21745
02.	ਆਰਓ-ਐਸਏਆਰਬੀ, ਲੁਧਿਆਣਾ. 1. ਸ਼੍ਰੀ ਸਚਿਨ ਮਲਹੋਤਰਾ ਪੁੱਤਰ ਸ਼੍ਰੀ ਵਿਨੋਦ ਕੁਮਾਰ ਮਲਹੋਤਰਾ, ਪਤਾ 1: ਮਕਾਨ ਨੰਬਰ 5401 ਗਲੀ ਨੰਬਰ 3 ਵਾਰਡ ਨੰਬਰ 40, ਨਿਊ ਸ਼ਿਵਾਜੀ ਨਗਰ, ਸ਼ਿਵ ਸ਼ਕਤੀ ਮੰਦਰ ਦੇ ਨੇੜੇ, ਲੁਧਿਆਣਾ 141008। 2. ਪਤਾ 2: ਮਕਾਨ ਨੰਬਰ ਬੀ-23 5608/2 ਅਤੇ ਐਮਸੀ ਨੰਬਰ ਬੀ-23-07968, ਗਲੀ ਨੰਬਰ 6 ਨਿਊ ਸ਼ਿਵਾਜੀ ਨਗਰ, ਡਾਕਘਰ ਵਾਲੀ ਗਲੀ ਤਰਫ਼ ਸੈਦਾਂ ਲੁਧਿਆਣਾ-141003, 3. ਸ਼੍ਰੀਮਤੀ ਮਮਤਾ ਪਤਨੀ ਸ਼੍ਰੀ ਵਿਨੋਦ ਕੁਮਾਰ ਮਲਹੋਤਰਾ, ਰਿਹਾਇਸ਼ੀ ਖੇਤਰ ਨੰਬਰ 5401 ਗਲੀ ਨੰਬਰ 3 ਵਾਰਡ ਨੰਬਰ 40, ਨਿਊ ਸ਼ਿਵਾਜੀ ਨਗਰ, ਸ਼ਿਵ ਸ਼ਕਤੀ ਮੰਦਰ ਦੇ ਨੇੜੇ, ਲੁਧਿਆਣਾ 141008। 4. ਮੈਸਰਜ਼ ਵੀ.ਐਸ. ਟਰੇਡਿੰਗ ਕੰਪਨੀ ਪਤਾ 1: ਮਾਰਫਤ ਮਕਾਨ ਨੰ. 5401 ਸਟਰੀਟ ਨੰ. 3 ਵਾਰਡ ਨੰ. 40, ਨਿਊ ਸ਼ਿਵਾਜੀ ਨਗਰ, ਸ਼ਿਵ ਸ਼ਕਤੀ ਮੰਦਰ ਦੇ ਨੇੜੇ, ਲੁਧਿਆਣਾ 141008	ਸ਼੍ਰੀ ਸਚਿਨ ਮਲਹੋਤਰਾ ਪੁੱਤਰ ਵਿਨੋਦ ਕੁਮਾਰ ਮਲਹੋਤਰਾ ਦੇ ਨਾਮ 'ਤੇ 115 ਵਰਗ ਗਜ਼ ਦੇ ਰਿਹਾਇਸ਼ੀ ਘਰ ਦਾ ਬਰਾਬਰ ਗਿਰਵੀਨਾਮਾ ਜੋ ਕਿ ਮਕਾਨ ਨੰ. ਬੀ-23 5608/2 ਅਤੇ ਐਮਸੀ ਨੰ. ਬੀ ਬੀ-23-07968, ਗਲੀ ਨੰ. 6 ਨਿਊ ਸ਼ਿਵਾਜੀ ਨਗਰ, ਡਾਕਘਰ ਵਾਲੀ ਗਲੀ ਤਰਫ਼ ਸੈਦਾਂ ਲੁਧਿਆਣਾ ਵਿਖੇ ਸਥਿਤ, ਖਸਰਾ ਨੰ. 4871/3514/1261- 3515/1261/5296/4838/2775/1225-5298/4838/2775/1225-1265-1257-3804/2786/1254-3728/12354877/12675299/4369/1229-5301/4369/1229-1258-5304/1231-5306/1231 ਖਾਤਾ ਨੰਬਰ 182/186, 185/189,186/190,187/191575/613,580/618,581/619,583/621,584/622, 592/630,867/936,869/938 ਸਾਲ 2007-2008 ਲਈ ਜਮ੍ਹਾਂਬੰਦੀ ਅਨੁਸਾਰ ਮਾਲੀਆ ਹਦਬਸਤ ਨੰਬਰ 172 ਦੇ ਅੰਦਰ ਸਥਿਤ, ਸ਼ਿਵਾਜੀ ਨਗਰ ਲੁਧਿਆਣਾ ਵਜੋਂ ਜਾਣਿਆ ਜਾਂਦਾ ਇਲਾਕਾ ਜਿਸਦੀ ਵਿਕਰੀ ਡੀਡ ਵਸੀਕਾ ਨੰਬਰ 2020-21/106/1/5730 ਮਿਤੀ 30-09-2020 ਹੈ।	Rs. 69,35,000/- / ਭੌਤਿਕ	Rs. 50,40,000/- / Rs. 5,04,000/- / Rs. 10,000/-	15.04.2026 ਅਗਾਊਂ ਪ੍ਰਵਾਨਗੀ ਲੈਣ ਦੁਆਰਾ	ਸ਼੍ਰੀ ਅਜੇ ਵੀ ਨੰਦੂਰਕਰ 91155 - 21745
03.	ਆਰਓ-ਐਸਏਆਰਬੀ, ਲੁਧਿਆਣਾ. 1. ਮੈਸਰਜ਼ ਐਸ.ਆਰ. ਇੰਟਰਨੈਸ਼ਨਲ ਆਪਣੇ ਭਾਈਵਾਲਾਂ ਰਾਹੀਂ (i) ਸ਼੍ਰੀ ਸਾਮਿਨ ਮਿੱਤਲ ਪੁੱਤਰ ਪਵਨ ਕੁਮਾਰ ਮਿੱਤਲ ਅਤੇ ਸਾਥੀ ਸ਼੍ਰੀ ਰਮਿਨ ਮਿੱਤਲ ਪੁੱਤਰ ਪਵਨ ਕੁਮਾਰ ਮਿੱਤਲ, ਰਜਿਸਟਰਡ ਪਤਾ 2-XXX-2185, FPE 5 1 ਫੋਕਲ ਪੁਆਇੰਟ ਨਾਲ ਲੱਗਦੇ ਫੇਜ਼-VII, ਢੰਡਾਰੀ ਖੁਰਦ, ਦੇਵਗਨ ਧਰਮ ਕਾਂਟਾ, ਲੁਧਿਆਣਾ-141010, 2. ਸ਼੍ਰੀ ਸਾਮਿਨ ਮਿੱਤਲ ਪੁੱਤਰ ਪਵਨ ਕੁਮਾਰ ਮਿੱਤਲ, ਮਕਾਨ ਨੰ. 40-ਆਰ, ਮਾਡਲ ਟਾਊਨ, ਲੁਧਿਆਣਾ, 3. ਸ਼੍ਰੀ ਰਮਿਨ ਮਿੱਤਲ ਪੁੱਤਰ ਪਵਨ ਕੁਮਾਰ ਮਿੱਤਲ, ਮਕਾਨ ਨੰ. 40-ਆਰ, ਮਾਡਲ ਟਾਊਮ, ਲੁਧਿਆਣਾ। 4. ਸ਼੍ਰੀ ਪਵਨ ਕੁਮਾਰ ਮਿੱਤਲ ਪੁੱਤਰ ਰਘੁਨਾਥ ਰਾਏ, ਮਕਾਨ ਨੰ. 40-ਆਰ, ਮਾਡਲ ਟਾਊਨ, ਲੁਧਿਆਣਾ	ਵਿਕਰੀ ਡੀਡ ਨੰਬਰ 19508 ਮਿਤੀ 15.02.2006 ਸ਼੍ਰੀ ਸਮਿਨ ਮਿੱਤਲ ਪੁੱਤਰ ਪਵਨ ਕੁਮਾਰ ਮਿੱਤਲ ਅਤੇ ਸ਼੍ਰੀ ਰਮੀਨ ਮਿੱਤਲ ਪੁੱਤਰ ਪਵਨ ਕੁਮਾਰ ਮਿੱਤਲ ਦੀ ਸਾਂਝੀ ਮਲਕੀਅਤ ਖਸਰਾ ਨੰਬਰ 18//11/2, 12/2, 19//14/2/2, 17/1/2, 15/2, 16/1, ਖਾਤਾ ਨੰਬਰ 100/106 ਸਾਲ 2001-2002 ਲਈ ਜਮ੍ਹਾਂਬੰਦੀ ਅਨੁਸਾਰ ਜਿਵੇਂ ਕਿ ਜਾਇਦਾਦ ਮਾਪ 2K-4-1/2M (ਲਗਭਗ 1346 ਵਰਗ ਗਜ਼) ਵਿੱਚ ਦੱਸਿਆ ਗਿਆ ਹੈ, ਜੋ ਕਿ ਵਿਕਰੀ ਡੀਡ ਵਿੱਚ ਸ਼ਾਮਲ ਹੈ ਅਤੇ ਸਾਲ 2011-2012 ਲਈ ਤਾਜ਼ਾ ਜਮ੍ਹਾਂਬੰਦੀ ਅਨੁਸਾਰ ਖਾਤਾ ਨੰਬਰ 121/124 ਪਿੰਡ ਢੰਡਾਰੀ ਖੁਰਦ, ਹੱਦਬਸਤ ਨੰ.ਬੀ. 242, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਮਾਲੀਆ ਜਾਇਦਾਦ ਵਿਖੇ ਸਥਿਤ ਅਤੇ ਪੂਰਬ ਵੱਲ ਘੇਰਿਆ ਹੋਇਆ: ਮਹਾਜਨ ਪੈਕਰਜ਼ ਫੈਕਟਰੀ 180'-10", ਪੱਛਮ: ਖਾਲੀ ਪਲਾਟ 180'-0", ਉੱਤਰ: ਲੇਬਰ ਕੁਆਰਟਰ 67'-3", ਦੱਖਣ: ਸੜਕ 67'-3"	Rs. 2,45,78,000/- / ਸੰਕੇਤਕ	Rs. 1,41,00,000/- / Rs. 14,10,000/- / Rs. 50,000/-	15.04.2026 ਅਗਾਊਂ ਪ੍ਰਵਾਨਗੀ ਲੈਣ ਦੁਆਰਾ	ਸ਼੍ਰੀ ਅਜੇ ਵੀ ਨੰਦੂਰਕਰ 91155 - 21745

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://www.bankofbaroda.in/e-auction.htm ਅਤੇ https://baanknet.com ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ। ਇਸ ਤੋਂ ਇਲਾਵਾ, ਸੰਭਾਵੀ ਬੋਲੀਕਾਰ ਉੱਪਰ ਦਿੱਤੇ ਸੰਪਰਕ ਨੰਬਰਾਂ ਅਨੁਸਾਰ ਬ੍ਰਾਂਚ ਮੈਨੇਜਰ ਜਾਂ ਅਧਿਕਾਰਤ ਅਧਿਕਾਰੀ ਨਾਲ ਸੰਪਰਕ ਕਰ ਸਕਦੇ ਹਨ।
ਸੰਕੇਤਕ ਕਬਜ਼ੇ ਦੇ ਆਧਾਰ 'ਤੇ ਨਿਲਾਮ ਕੀਤੀ ਜਾ ਰਹੀ ਜਾਇਦਾਦ ਲਈ ਮਹੱਤਵਪੂਰਨ ਨਿਯਮ ਅਤੇ ਸ਼ਰਤਾਂ: 1. ਜਦੋਂ ਜਾਇਦਾਦ ਸੰਕੇਤਕ ਕਬਜ਼ੇ ਵਿੱਚ ਹੋਵੇ ਅਤੇ ਬੋਲੀਕਾਰ ਆਪਣੇ ਜੋਖਮ ਅਤੇ ਜ਼ਿੰਮੇਵਾਰੀ 'ਤੇ ਸੰਕੇਤਕ ਕਬਜ਼ੇ ਵਿੱਚ ਜਾਇਦਾਦ ਖਰੀਦੇਗਾ। 2. ਬੈਂਕ ਸਿਰਫ਼ ਸੰਕੇਤਕ ਤੌਰ 'ਤੇ ਜਾਇਦਾਦ ਦਾ ਕਬਜ਼ਾ ਸੌਂਪੇਗਾ ਅਤੇ ਸਫਲ ਨਿਲਾਮੀ ਬੋਲੀਕਾਰ/ਖਰੀਦਦਾਰ ਬੈਂਕ ਤੋਂ ਭੌਤਿਕ ਕਬਜ਼ੇ ਦਾ ਦਾਅਵਾ ਨਹੀਂ ਕਰੇਗਾ। 3. ਬੈਂਕ ਭੌਤਿਕ ਕਬਜ਼ੇ ਨੂੰ ਸੌਂਪਣ ਲਈ ਜ਼ਿੰਮੇਵਾਰ ਜਾਂ ਡਿਊਟੀ ਪਾਬੰਦ ਨਹੀਂ ਹੋਵੇਗਾ। 4. ਸਫਲ ਨਿਲਾਮੀ ਖਰੀਦਦਾਰ ਕਿਸੇ ਵੀ ਸਥਿਤੀ ਵਿੱਚ ਪੈਸੇ ਦੀ ਵਾਪਸੀ ਵਿੱਚ ਕਿਸੇ ਵੀ ਵਿਆਜ ਦਾ ਦਾਅਵਾ ਕਰਨ ਦਾ ਹੱਕਦਾਰ ਨਹੀਂ ਹੋਵੇਗਾ। 5. ਸਫਲ ਨਿਲਾਮੀ ਖਰੀਦਦਾਰ ਨੂੰ ਈ-ਨਿਲਾਮੀ ਤੋਂ ਤੁਰੰਤ ਬਾਅਦ ਉਪਰੋਕਤ ਨਿਯਮਾਂ ਅਤੇ ਸ਼ਰਤਾਂ ਦੀ ਪੁਸ਼ਟੀ ਕਰਦੇ ਹੋਏ ਘੋਸ਼ਣਾ-ਪੱਤਰ-ਕਮ-ਅੰਡਰਟੇਕਿੰਗ ਜਮ੍ਹਾਂ ਕਰਾਉਣੀ ਪਵੇਗੀ। 6. ਵਿਕਰੀ ਤੋਂ ਬਾਅਦ ਜੇਕਰ ਸਫਲ ਬੋਲੀਕਾਰ ਘੋਸ਼ਣਾ-ਪੱਤਰ-ਕਮ-ਅੰਡਰਟੇਕਿੰਗ ਜਮ੍ਹਾਂ ਕਰਾਉਣ ਵਿੱਚ ਅਸਫਲ ਰਹਿੰਦਾ ਹੈ, ਤਾਂ ਬੋਲੀ ਦੀ EMD ਰਕਮ ਜ਼ਬਤ ਕਰ ਲਈ ਜਾਵੇਗੀ। 7. ਵਿਕਰੀ ਸਰਫਾਇਸੀ ਐਕਟ 2002 ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਨਿਯਮਾਂ ਵਿੱਚ ਨਿਰਧਾਰਤ ਸ਼ਰਤਾਂ/ਨਿਯਮਾਂ/ਪ੍ਰਬੰਧਾਂ ਦੇ ਅਧੀਨ ਹੈ, ਅਤੇ ਉੱਪਰ ਦੱਸੇ ਗਏ ਨਿਯਮਾਂ ਅਤੇ ਸ਼ਰਤਾਂ ਦੇ ਅਧੀਨ ਹੈ।
ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਇਥੇ ਸਕੈਨ ਕਰੋ
ਇਸ ਨੂੰ ਸਰਫਾਇਸੀ ਐਕਟ 2002 ਦੇ ਅਧੀਨ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ ਵਜੋਂ ਸਮਝਿਆ ਜਾਵੇ
ਮਿਤੀ : 06.04.2026 — ਸਥਾਨ : ਲੁਧਿਆਣਾ — ਅਧਿਕਾਰਤ ਅਧਿਕਾਰੀ (ਬੈਂਕ ਆਫ ਬੜੌਦਾ)